1977 (*Saka* 1898)
First Reprint 1988 (*Saka* 1910)

Rs. 2.50

WHO'S WHO AT THE ZOO (Punjabi)

Published by the Director, National Book Trust, India, A-5, Green Park, New Delhi-110016 and printed at Saraswati Art Printers, 8247/2 New Anaj Mandi, Delhi-110006

ਨਹਿਰੂ ਬਾਲ ਪੁਸਤਕਾਲਾ

ਚਿੜੀਆਘਰ ਵਿਚ

ਰਸਕਿਨ ਬਾਂਡ

ਅਨੁਵਾਦ :
ਸੁਰਜੀਤ

ਤਸਵੀਰਾਂ ਤੇ ਰੂਪਕਾਰ ।
ਰਘੂ ਰਾਏ

ਨੈਸ਼ਨਲ ਬੁਕ ਟਰੱਸਟ, ਇੰਡੀਆ

ਚਿੜੀਆਘਰ ਤੁਹਾਡੇ ਲਈ ਹੈ

ਇਸ ਭੀੜ-ਭਰੀ ਦੁਨੀਆਂ ਵਿਚ ਜੰਗਲ ਤੇ ਬੀਆਬਾਨ ਇਲਾਕੇ ਮੁੱਕ ਰਹੇ ਹਨ ਤੇ ਅਨੇਕ ਪੰਛੀਆਂ ਤੇ ਜਾਨਵਰਾਂ ਨੂੰ ਖੁਰਾਕ ਤੇ ਸ਼ਰਣ ਮਿਲਣੀ ਔਖੀ ਰਹੀ ਹੈ। ਪਸ਼ੂ-ਪੰਛੀਆਂ ਦੀਆਂ ਕੁਝ ਕਿਸਮਾਂ ਪਹਿਲਾਂ ਹੀ ਮੁੱਕ ਚੁਕੀਆਂ ਹਨ। ਬਾਕੀਆਂ ਲਈ ਚਿੜੀਆਘਰ ਹੀ ਆਖ਼ਰੀ ਸਹਾਰਾ ਹੈ।

ਚਿੜੀਆਘਰ ਦਾ ਕੰਮ ਜੰਗਲੀ ਪਸ਼ੂ-ਪੰਛੀਆਂ ਨੂੰ ਕੇਵਲ ਹਿਫਾਜ਼ਤ ਦੇਣਾ ਹੀ ਨਹੀਂ ਹੈ ਸਗੋਂ ਉਹ ਅਸਲ 'ਚ ਜਾਨਵਰਾਂ ਲਈ ਇਕ ਵਡਾ ਸਾਰਾ ਹਟਲ ਹੈ। ਪਸ਼ੂ-ਪੰਛੀ ਕੁਦਰਤੀ ਸ਼ਰਣ-ਥਾਵਾਂ ਵਿਚ ਚੰਗੀ ਤਰ੍ਹਾਂ ਸੁਰੱਖਿਅਤ ਹਨ। ਚਿੜੀਆਘਰ ਦਾ ਕੰਮ ਜਾਨਵਰਾਂ ਨੂੰ ਮਨੁੱਖ ਦੇ ਨੇੜੇ ਲਿਆਉਣਾ ਹੈ ਤਾਂ ਜੋ ਆਪਣੇ ਦੇਸ਼ ਤੇ ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਤੋਂ ਆਉਣ ਵਾਲੇ ਪੰਛੀਆਂ ਤੇ ਜਾਨਵਰਾਂ ਦੇ ਸੁੰਦਰ ਤੇ ਦਿਲ-ਖਿਚਵੇਂ ਜੀਵਨ ਨੂੰ ਵੇਖ ਸਕੀਏ। ਹਰ ਬੰਦਾ ਗੈਂਡੇ ਨੂੰ ਵੇਖਣ ਲਈ ਕਾਜ਼ੀਰੰਗਾ ਜੰਗਲ 'ਚ ਨਹੀਂ ਜਾ ਸਕਦਾ। ਨਾ ਹੀ ਹਰ ਕੋਈ ਸ਼ੇਰ ਨੂੰ ਤੱਕਣ ਲਈ ਗਿਰ ਜੰਗਲ ਵਿਚ ਜਾ ਸਕਦਾ ਹੈ, ਪਰ ਦਿੱਲੀ ਦੇ ਸਕੂਲ ਦਾ ਕੋਈ ਵੀ ਵਿਦਿਆਰਥੀ ਇਨ੍ਹਾਂ ਜਾਨਵਰਾਂ ਨੂੰ ਚਿੜੀਆ ਘਰ ਵਿਚ ਵੇਖ ਸਕਦਾ ਹੈ। ਹਰ ਕੋਈ ਜੈਗੁਆਰ ਜਾਂ ਚੀਤਾ ਵੇਖਣ ਲਈ ਦੱਖਣੀ ਅਮਰੀਕਾ ਨਹੀਂ ਜਾ ਸਕਦਾ; ਪਰ ਦਿੱਲੀ, ਅਹਿਮਦਾਬਾਦ, ਜੈਪੁਰ, ਲਖਨਊ, ਬੰਬਈ ਜਿਥੇ ਵੀ ਚਿੜੀਆ ਘਰ ਹਨ, ਹਰ ਕੋਈ ਇਹਨੂੰ ਤੇ ਦੂਜੇ ਦਿਲਖਿਚਵੇਂ ਜਾਨਵਰਾਂ ਨੂੰ ਵੇਖ ਸਕਦਾ ਹੈ।

ਚੰਗੇ ਚਿੜੀਆ ਘਰ ਉਹੀ ਹਨ ਜਿਨ੍ਹਾਂ ਵਿਚ ਜਾਨਵਰਾਂ ਨੂੰ ਜੰਗਲ ਵਰਗਾ ਆਲਾ ਦੁਆਲਾ ਤੇ ਹਾਲਾਤ ਮੁਹੱਈਆ ਕੀਤੇ ਜਾਂਦੇ ਹਨ। ਜਾਨਵਰ ਵੀ ਮਨੁੱਖਾਂ ਵਾਂਗ ਖੁਸ਼ ਤੇ ਦੁਖੀ ਹੁੰਦੇ ਹਨ। ਇਸ ਲਈ ਜੇ ਕਿਸੇ ਜਾਨਵਰ ਨੂੰ ਉਹਦੇ ਆਕਾਰ ਨਾਲੋਂ ਛੋਟੇ ਪਿੰਜਰੇ ਵਿਚ ਬੰਦ ਕਰ ਦਿਤਾ ਜਾਵੇ ਜਿਸ ਵਿਚ ਉਹ ਮੁਸ਼ਕਲ ਨਾਲ ਹਿਲ-ਜੁਲ ਸਕੇ, ਤਾਂ ਉਹ ਬਹੁਤ ਦੁੱਖਦਾਇਕ ਦ੍ਰਿਸ਼ ਹੋਵੇਗਾ।

ਦਿੱਲੀ ਦਾ ਚਿੜੀਆਘਰ ਏਸ਼ੀਆ ਵਿਚ ਸਭ ਤੋਂ ਵੱਡਾ ਹੈ। ਇਹ ਦੁਨੀਆਂ ਦੇ ਉੱਤਮ ਚਿੜੀਆਘਰਾਂ 'ਚੋਂ ਇਕ ਹੈ। ਇਸ ਵਿਚ ਪੰਛੀਆਂ ਦੀ ਬਸਤੀ ਲਈ ਕਾਫ਼ੀ ਪਾਣੀ ਹੈ। ਲੰਬਾ-ਚੌੜਾ ਹਿਰਨ-ਪਾਰਕ ਹੈ। ਸ਼ੇਰਾਂ ਲਈ ਗੁਫਾਵਾਂ ਹਨ। ਚੀਤਿਆਂ ਲਈ ਬਿਰਛ ਹਨ। ਵਡੇ-ਵਡੇ ਪਿੰਜਰੇ ਹਨ। ਇਹ ਮਨੁੱਖਾਂ ਲਈ ਚੰਗੇ ਹੋਟਲ ਵਾਂਗ ਜਾਨਵਰਾਂ ਲਈ ਆਦਰਸ਼ ਕਿਸਮ ਦਾ ਚਿੜੀਆਘਰ ਹੈ। ਅਸਲ 'ਚ ਕੁਝ ਪੰਛੀ ਤਾਂ ਆਪਣੀ ਇੱਛਾ ਨਾਲ ਹੀ ਇੱਥੇ ਆ ਵੱਸੇ ਹਨ।

ਜਾਨਵਰਾਂ ਬਾਰੇ ਜਾਣਨ ਦਾ ਉੱਤਮ ਤਰੀਕਾ ਉਨ੍ਹਾਂ ਨੂੰ ਵੇਖਣਾ ਹੈ। ਮੇਰੀ ਇਹ ਪੁਸਤਕ ਚਿੜੀਆ ਘਰ ਵਿਚ ਮਿਲਣ ਵਾਲੇ ਕੁਝ ਜਾਨਵਰਾਂ ਨਾਲ ਜਾਣ-ਪਛਾਣ ਕਰਾਵੇਗੀ ਇਨ੍ਹਾਂ 'ਚੋਂ ਕੁਝ ਜਿਵੇਂ ਸ਼ੇਰ ਤੇ ਹਾਥੀ ਪ੍ਰਸਿੱਧ ਹਨ। ਦੂਜੇ ਕੁਝ ਅਜਨਬੀ ਹਨ ਜਿਵੇਂ ਜ਼ੇਬਰਾ ਤੇ ਬਨਮਾਨਸ। ਇਹ ਸਾਰੇ ਇਸ ਪੁਸਤਕ ਵਿਚ ਨਹੀਂ ਆ ਸਕਦੇ ਕਿਉਂਕਿ ਦੁਨੀਆਂ ਦੇ ਸਾਰੇ ਜਾਨਵਰਾਂ ਦਾ ਵਰਨਣ ਕਰਨ ਲਈ ਤਾਂ ਇਕ ਭਾਰੀ ਗ੍ਰੰਥ ਦੀ ਲੋੜ ਪਵੇਗੀ। ਭਾਵੇਂ ਇਹ ਬੜਾ ਉਤਸ਼ਾਹ-ਜਨਕ ਵਿਚਾਰ ਹੈ, ਪਰ ਉਹ ਬੜਾ ਦੁਖਦਾਇਕ ਦਿਨ ਹੋਵੇਗਾ ਜਦੋਂ ਦੁਨੀਆ ਦੇ ਸਾਰੇ ਜਾਨਵਰਾਂ ਨੂੰ ਇਕ ਛੋਟੀ ਜਿਹੀ ਪੁਸਤਕ ਜਾ ਸੂਚੀ ਵਿਚ ਵਰਨਣ ਕੀਤਾ ਜਾਵੇਗਾ।





ਨਾਇਬ ਸਾਰਸ

ਜੇਕਰ ਤੁਸੀਂ ਕਿਸੇ ਭਾਰਤੀ ਪਿੰਡ ਵਿਚ ਜਾਂ ਉਹਦੇ ਨੇੜੇ ਰਹਿੰਦੇ ਹੋ ਤਾਂ ਤੁਸਾਂ ਲੰਬੀਆਂ ਲੱਤਾਂ ਵਾਲੇ ਨਾਇਬ ਪੰਛੀ ਨੂੰ ਛੱਪੜ ਜਾਂ ਤਲਾਅ ਕੋਲ ਜ਼ਰੂਰ ਵੇਖਿਆ ਹੋਵੇਗਾ।

ਤੁਸੀਂ ਜਾਣਦੇ ਹੀ ਹੋਵੋਗੇ ਕਿ ਨਾਇਬ ਫੌਜੀ ਅਫਸਰ ਹੁੰਦਾ ਹੈ। ਇਸੇ ਲਈ ਇਸ ਪੰਛੀ ਦੀ ਕਠੋਰ ਪਰੇਡ ਵਰਗੀ ਚਹਿਲ-ਕਦਮੀ ਕਾਰਨ ਇਸ ਖਾਸ ਸਾਰਸ ਨੂੰ ਨਾਇਬ ਦਾ ਨਾਂ ਦਿਤਾ ਜਾਂਦਾ ਹੈ।

ਨਾਇਬ ਸਾਰਸ ਦੇ ਸੁੰਦਰ ਉਡਣ ਵਾਲੇ ਖੰਭ ਹੁੰਦੇ ਹਨ। ਇਹਦਾ ਵੱਡਾ ਸਾਰਾ ਗੰਜਾ ਸਿਰ ਤੇ ਲੰਬੀਆਂ ਲੱਤਾਂ ਹੁੰਦੀਆਂ ਹਨ। ਇਹ ਸੁੰਦਰ ਪੰਛੀ ਸਚਮੁੱਚ ਹੀ ਇਕ ਅਫਸਰ ਦੀ ਪਦਵੀ ਦੇ ਯੋਗ ਹੈ। ਇਹਦੀ



ਚੁੰਝ ਬੜੀ ਮਜ਼ਬੂਤ ਹੁੰਦੀ ਹੈ। ਇਸ ਨਾਲ ਉਹ ਖਰਗੋਸ਼ ਜਿੰਨੇ ਵੱਡੇ ਜਾਨਵਰ ਜਾਂ ਕੁੱਕੜੀ ਵਰਗੇ ਵਡੇ ਪੰਛੀ ਨੂੰ ਨਿਗਲ ਸਕਦਾ ਹੈ। ਸਾਰਸ ਬੜਾ ਹੀ ਲਾਭਦਾਇਕ ਹੈ ਕਿਉਂਕਿ ਇਹ ਪਿੰਡ ਦੀਆਂ ਗਲੀਆਂ 'ਚੋਂ ਗੰਦਗੀ ਸਾਫ ਕਰਦਾ ਹੈ ਅਤੇ ਸੱਪਾਂ ਤੇ ਕੋਹੜਕਿਰਲੀਆਂ ਨੂੰ ਹੜੱਪ ਕਰ ਜਾਂਦਾ ਹੈ।

ਸਾਰਸ ਨੂੰ ਸੌਖ ਨਾਲ ਪਾਲਿਆ ਜਾ ਸਕਦਾ ਹੈ। ਇਹਦੀ ਚਹਿਲਕਦਮੀ ਤੇ ਦੂਜੀਆਂ ਆਦਤਾਂ ਅਕਸਰ ਮਨੋਰੰਜਨ ਪ੍ਰਦਾਨ ਕਰਦੀਆਂ ਹਨ। ਮੇਰੇ ਦਾਦਾ ਜੀ ਨੇ ਕਈ ਪਾਲਤੂ ਜਾਨਵਰ ਪਾਲੇ ਸਨ। ਇਕ ਵਾਰੀ ਉਨ੍ਹਾਂ ਇਕ ਨਾਇਬ ਸਾਰਸ ਵੀ ਪਾਲਿਆ ਸੀ। ਖਾਣੇ ਵੇਲੇ ਦਾਦਾ ਜੀ ਦੀ ਕੁਰਸੀ ਪਿੱਛੇ ਖਲੋਣ ਦੀ ਤੇ ਆਪਣੇ ਹਿੱਸੇ ਦਾ ਖਾਣਾ ਖਾਣ ਦੀ ਉਹਦੀ ਆਦਤ ਸੀ।



ਕੁਝ ਲੇਖਕਾਂ ਨੇ ਨਾਇਬ ਸਾਰਸ ਨੂੰ ਲੰਬੀ ਚੁੰਝ ਤੇ ਧੌਣ ਤੋਂ ਲਮਕਦੀ ਲੰਬੀ ਥੈਲੀ ਕਾਰਨ ਗੰਦਾ ਪੰਛੀ ਆਖਿਆ ਹੈ, ਪਰ ਵੱਖ ਵੱਖ ਬੰਦਿਆਂ ਦੇ ਸੁੰਦਰਤਾ ਬਾਰੇ ਵੱਖ ਵੱਖ ਵਿਚਾਰ ਹੁੰਦੇ ਹਨ। ਮੈਂ ਉਨ੍ਹਾਂ 'ਚੋਂ ਹਾਂ ਜਿਹੜੇ ਨਾਇਬ ਸਾਰਸ ਨੂੰ ਦਿਲਖਿੱਚਵਾਂ ਮੰਨਦੇ ਹਨ। ਉਹ ਇਕ ਖਾਮੋਸ਼ ਪੰਛੀ ਹੈ। ਉਸ 'ਚ ਆਵਾਜ਼ ਪੈਦਾ ਕਰਨ ਵਾਲੀਆਂ ਰਗਾਂ ਨਹੀਂ ਹਨ ਤੇ ਉਹ ਕੇਵਲ ਜਬਾੜਿਆਂ ਦੀ ਖੜ ਖੜ ਦੀ ਆਵਾਜ਼ ਹੀ ਕਰਦਾ ਹੈ ਜਦੋਂ ਪਿਆਰ ਦੇ ਰੌਂ 'ਚ ਹੋਵੇ ਤਾਂ ਉਹ ਧੀਮੀ ਜਿਹੀ ਬੁੜਬੁੜ ਕਰਦਾ ਹੈ।

ਨਾਇਬ ਸਾਰਸ ਸਾਰੇ ਭਾਰਤ ਵਿਚ ਜਿੱਥੇ ਵੀ ਪਾਣੀ ਹੋਵੇ, ਮਿਲਦਾ ਹੈ। ਪਰ ਜੇ ਤੁਸੀਂ ਸ਼ਹਿਰ ਵਿਚ ਰਹਿੰਦੇ ਹੋ ਤਾਂ ਤੁਸੀਂ ਇਹਨੂੰ ਚਿੜੀਆਘਰ ਦੀ 'ਪੰਛੀ-ਬਸਤੀ' ਵਿਚ ਹੀ ਵੇਖ ਸਕਦੇ ਹੋ। ਇਥੇ ਹੀ ਤੁਹਾਨੂੰ ਇਸ ਦਾ ਰਿਸ਼ਤੇਦਾਰ ਚਮਚੇ ਦੀ ਚੁੰਝ ਵਾਲਾ ਪੰਛੀ ਵੀ ਮਿਲੇਗਾ ਜਿਹੜਾ ਬਹੁਤ ਵੱਡਾ ਨਹੀਂ ਪਰ ਜਿਹੜਾ ਆਪਣੇ ਚਮਚੇ ਵਰਗੀ ਚੁੰਝ ਨਾਲ ਜਲ-ਜੀਆਂ ਦਾ ਬਹੁਤ ਸੌਖ ਨਾਲ ਸ਼ਿਕਾਰ ਕਰਦਾ ਹੈ।

ਕਾਲਾ ਮਿਰਗ

ਸੌ ਵਰ੍ਹੇ ਪਹਿਲਾਂ ਪੰਜਾਬ, ਉੱਤਰ ਪ੍ਰਦੇਸ਼ ਤੇ ਰਾਜਸਥਾਨ ਵਿਚ ਇਨ੍ਹਾਂ ਜਾਨਵਰਾਂ ਦੇ ਇੱਜੜ (ਹਜ਼ਾਰਾਂ ਦੀ ਗਿਣਤੀ ਵਿਚ) ਆਮ ਵੇਖਣ 'ਚ ਆਉਂਦੇ ਸਨ। ਅੱਜ ਕਲ੍ਹ ਵੀਹ ਜਾਂ ਤੀਹ ਬਾਰਾਂਸਿੰਗਿਆਂ ਨੂੰ ਇਕੱਠੇ ਵੇਖਣਾ ਵੀ ਦੁਰਲੱਭ ਹੈ। ਇਹ ਖੁਲ੍ਹੇ ਮੈਦਾਨਾਂ ਵਿਚ ਰਹਿਣਾ ਪਸੰਦ ਕਰਦੇ ਹਨ ਭਾਵੇਂ ਉੱਥੇ ਖੇਤੀਬਾੜੀ ਹੁੰਦੀ ਹੋਵੇ। ਇਹ ਫਸਲਾਂ ਦਾ ਸਤਿਆਨਾਸ ਕਰ ਦਿੰਦੇ ਹਨ। ਇਸ ਲਈ ਕਿਸਾਨ ਇਨ੍ਹਾਂ ਨੂੰ ਪਸੰਦ ਨਹੀਂ ਕਰਦੇ।

ਕਾਲੇ ਹਿਰਨਾਂ ਵਿਚ ਕੇਵਲ ਨਰ-ਹਿਰਨਾਂ ਦੇ ਸਿੰਗ ਹੁੰਦੇ ਹਨ। ਇਹ ਸਿੰਗ ਭਾਰਤੀ ਮਿਰਗ ਨਾਲੋਂ ਲੰਬੇ ਤੇ ਅਕਸਰ ਲੰਬਾਈ 'ਚ ਦੋ ਫੁੱਟ ਤੋਂ ਵਧ ਹੁੰਦੇ ਹਨ। ਇਹ ਸਿੱਧੇ ਤੇ ਉੱਤੇ ਵਲ ਵਧਦੇ ਹਨ ਤੇ



ਕੁੰਡਲਦਾਰ ਬਣ ਜਾਂਦੇ ਹਨ। ਕਾਲੇ ਮਿਰਗ ਦੇ ਸੁੰਦਰ ਸਿੰਗ ਤੇ ਦਿਲਖਿਚਵਾਂ ਰੰਗ ਅਜਿਹੀ ਛੱਬ ਪੇਸ਼ ਕਰਦਾ ਹੈ ਜਿਹਦਾ ਕੋਈ ਹੋਰ ਬਾਰਾਂਸਿੰਗਾ ਮੁਕਾਬਲਾ ਨਹੀਂ ਕਰ ਸਕਦਾ।

ਕਾਲੇ ਮਿਰਗ ਦੂਜੇ ਹਿਰਨਾਂ ਵਾਂਗ ਹੀ ਆਪਣੀ ਖੁਰਾਕ ਦੀ ਉਗਾਲੀ ਕਰਦੇ ਹਨ। ਮਤਲਬ ਇਹ ਕਿ ਉਹ ਪਹਿਲਾਂ ਘਾਹ ਜਾਂ ਦੂਜੇ ਪਦਾਰਥ ਆਪਣੇ ਦੰਦਾਂ ਨਾਲ ਬਿਨਾਂ ਚਿੱਥੇ ਤੇ ਚਬਾਏ ਨਿਗਲ ਜਾਂਦੇ ਹਨ। ਫਿਰ ਉਹ ਉਸ ਖੁਰਾਕ ਨੂੰ ਮੂੰਹ 'ਚ ਵਾਪਸ ਲਿਆਂਦੇ ਹਨ ਤੇ ਆਪਣੇ ਦੰਦਾਂ ਨਾਲ ਚਿੱਥ ਕੇ ਉਹਦਾ ਗੁੱਦਾ ਬਣਾ ਲੈਂਦੇ ਹਨ। ਇਹ ਦੰਦ ਚੱਕੀ ਦੇ ਪੱਥਰਾਂ ਵਾਂਗ ਕੰਮ ਕਰਦੇ ਹਨ ਜਿਨ੍ਹਾਂ ਨਾਲ ਮਨੁੱਖ ਕਣਕ ਪੀਂਹਦੇ ਹਨ। ਜਿਹੜੇ ਜਾਨਵਰ ਇਸ ਤਰ੍ਹਾਂ ਖੁਰਾਕ ਖਾਂਦੇ ਹਨ, ਉਨ੍ਹਾਂ ਨੂੰ ਉਗਾਲੀ ਕਰਨ ਵਾਲਾ ਪਸ਼ੂ ਆਖਦੇ ਹਨ। ਇਹ ਰੱਖਿਆ-ਹੀਨ ਜਾਨਵਰ ਹਿੰਸਕ ਜੰਤੂਆਂ ਦੇ ਡਰੋਂ ਇਕ ਥਾਂ ਬਹੁਤੇ ਸਮੇਂ ਲਈ ਨਹੀਂ ਰਹਿੰਦੇ। ਇਸ ਲਈ ਉਹ ਥੋੜ੍ਹੇ ਸਮੇਂ 'ਚ ਜਿੰਨਾ ਘਾਹ ਨਿਗਲ ਸਕਣ, ਨਿਗਲ ਲੈਂਦੇ ਹਨ। ਫਿਰ ਉਹ ਆਪਣੀਆਂ ਲੁਕਵੀਆਂ ਥਾਵਾਂ 'ਚ ਚਲੇ ਜਾਂਦੇ ਹਨ ਜਿੱਥੇ ਉਹ ਖਾਧੇ ਹੋਏ ਘਾਹ ਨੂੰ ਵਾਪਸ ਮੂੰਹ 'ਚ ਲਿਆਂਦੇ ਹਨ ਤੇ ਵਿਹਲੇ ਵੇਲੇ ਚਿੱਥਦੇ ਹਨ।



ਸ਼ਿਪੈਂਜ਼ੀ

(ਅਫਰੀਕਾ ਦਾ ਬਣਮਾਨਸ)

ਅਸੀਂ ਸ਼ਿਪੈਂਜ਼ੀ ਬਾਰੇ ਨਾ ਲਿਖਿਆ ਤਾ ਉਹ ਜ਼ਰੂਰ ਗੁੱਸੇ ਹੋਵੇਗਾ। ਸ਼ਿਪੈਂਜ਼ੀ ਲੰਗੂਰ ਨਾਲੋਂ ਵਧ ਸਭਿਆ ਹੈ। ਉਹ ਇੰਨਾ ਸਭਿਆ ਹੈ ਕਿ ਇਹਨੂੰ ਸ਼ਾਇਦ ਜਾਨਵਰਾਂ 'ਚ ਸ਼ਾਮਲ ਨਹੀਂ ਕਰਨਾ ਚਾਹੀਦਾ। ਉਹਦੀ ਸ਼ਕਲ ਜੀਂਦੇ ਬਣਮਾਨਸ (ਮਨੁੱਖ ਨਾਲ ਸੰਬੰਧਤ ਜਾਨਵਰ) ਨਾਲ ਬਹੁਤ ਮਿਲਦੀ-ਜੁਲਦੀ ਹੈ। ਉਹਦਾ ਲੇਖਕ ਪ੍ਰਤੀ ਇਹ ਰਵੱਈਆ ਹੋਵੇਗਾ—"ਜੇਕਰ ਤੂੰ ਮੈਨੂੰ ਆਪਣੇ ਚਿੜੀਆਘਰ ਵਿਚ ਬੰਦ ਕਰ ਦਿਤਾ ਤਾਂ ਤੈਨੂੰ ਵੀ ਉੱਥੇ ਰਹਿਣਾ ਪਵੇਗਾ।"

ਇਹ ਸੱਚ ਹੈ ਕਿ ਸ਼ਿਪੈਂਜ਼ੀ ਮਨੁੱਖਾਂ 'ਚ ਰਹਿਣਾ ਪਸੰਦ ਕਰਦਾ ਹੈ। ਉਹ ਜੰਗਲ-ਹੀਰੋ ਟਾਰਜ਼ਨ ਦਾ ਪੱਕਾ ਸਾਥੀ ਹੈ। ਅਸਲ 'ਚ ਵੱਖੋ ਵੱਖ ਸ਼ਿਪੈਂਜ਼ੀਆਂ, ਜਿਨ੍ਹਾਂ ਨੇ ਟਾਰਜ਼ਨ ਸੰਬੰਧੀ ਫਿਲਮਾਂ ਵਿਚ ਕੰਮ ਕੀਤਾ, ਆਪਣੇ ਸੰਵਾਦ ਤੇ ਅਭਿਨੈ ਟਾਰਜ਼ਨ ਦੇ ਰੂਪ 'ਚ ਕੰਮ ਕਰਨ ਵਾਲੇ ਅਭਿਨੇਤਾਵਾਂ ਨਾਲੋਂ ਵੱਧ ਉੱਤਮ ਅਦਾ ਕੀਤੇ ਹਨ।


ਸ਼ਿਪੈਂਜ਼ੀ ਦੀ ਉਮਰ ਮਨੁੱਖ ਜਿੰਨੀ ਹੁੰਦੀ ਹੈ। ਇਸ ਲਈ ਨੌਂ ਵਰ੍ਹੇ ਦਾ ਸ਼ਿਪੈਂਜ਼ੀ ਨੌਂ ਵਰ੍ਹੇ ਦੇ ਮੁੰਡੇ ਲਈ ਆਦਰਸ਼ ਸਾਥੀ ਹੋਵੇਗਾ ਅਤੇ ਉਨ੍ਹਾਂ ਵਿਚ ਸਾਰੇ ਗੁਣ ਇਕੋ ਜਿਹੇ ਹੋਣਗੇ।

ਪ੍ਰਸਿੱਧ ਲਿਖਾਰੀ ਗਰੇਲਡ ਡੋਊਰਲ ਨੇ ਚਿੜੀਆਘਰਾਂ ਲਈ ਸਾਰੀ ਦੁਨੀਆਂ ਤੋਂ ਜਾਨਵਰ ਇਕੱਠੇ ਕੀਤੇ। ਉਨ੍ਹਾਂ ਆਪਣੇ ਕੋਲ ਇਕ ਪਾਲਤੂ ਸ਼ਿਪੈਂਜ਼ੀ ਰਖਿਆ ਸੀ ਜਿਹੜਾ ਉਨ੍ਹਾਂ ਨਾਲ ਚਾਹ, ਖਾਣਾ ਤੇ ਖਾਣੇ ਮਗਰੋਂ ਸਿਗਰਟ ਪੀਂਦਾ ਸੀ। ਸ਼ਿਪੈਂਜ਼ੀ ਸਿਗਰਟ ਦਾ ਧੂੰਆਂ ਆਪਣੀਆਂ ਨਾਸਾਂ 'ਚੋਂ ਕਢਦਾ ਤੇ ਅੰਦਰ ਵਲ ਨੂੰ ਖਿੱਚਦਾ ਸੀ। ਸ਼ਿਪੈਂਜ਼ੀ ਸਰਦੀ ਪਸੰਦ ਨਹੀਂ ਕਰਦੇ ਤੇ ਇਸ ਲਈ ਛੇਤੀ ਹੀ ਉਨ੍ਹਾਂ ਨੂੰ ਕਪੜੇ ਪਾਉਣ ਦੇ ਫਾਇਦੇ ਪਤਾ ਲਗ ਗਏ। ਇਕ ਸ਼ਿਪੈਂਜ਼ੀ ਨਵੇਂ ਕਪੜਿਆਂ ਤੋਂ ਇੰਨਾ ਖੁਸ਼ ਹੁੰਦਾ ਸੀ ਕਿ ਜਦੋਂ ਵੀ ਉਹਨੂੰ ਨਵੇਂ ਕਪੜੇ ਮਿਲਦੇ, ਉਹ ਪੁਰਾਣੇ ਕਪੜਿਆਂ ਦੇ ਇੰਨੇ ਚਿੱਥਤੇ ਕਰ ਸੁਟਦਾ ਸੀ ਕਿ ਉਹ ਫਿਰ ਪਾਏ ਨਹੀਂ ਸੀ ਜਾ ਸਕਦੇ।

ਹੈਰਾਨੀ ਵਾਲੀ ਗੱਲ ਇਹ ਹੈ ਕਿ ਸ਼ਿਪੈਂਜ਼ੀ ਆਪਣੇ ਜੰਗਲੀ ਜੀਵਨ ਵਿਚ ਵੀ ਬਿਰਛਾਂ ਦੀਆਂ ਚੋਟੀਆਂ ਨਾਲੋਂ ਜ਼ਮੀਨ ਤੇ ਰਹਿਣਾ ਵਧੇਰੇ ਪਸੰਦ ਕਰਦੇ ਹਨ। ਇਉਂ ਸੋਚਿਆ ਜਾ ਸਕਦਾ ਹੈ ਕਿ ਇਸ ਤਰ੍ਹਾਂ ਉਹ ਚੀਤਿਆਂ (ਜਿਨ੍ਹਾਂ ਤੋਂ ਬੰਦਰ ਜਾਤੀ ਬਹੁਤ ਭੈ-ਭੀਤ ਹੈ) ਦਾ ਆਸਾਨੀ ਨਾਲ ਸ਼ਿਕਾਰ ਹੋ ਜਾਂਦੇ ਹੋਣਗੇ। ਪਰ ਉਹ ਇਕੱਠੇ ਹੋ ਕੇ ਆਪਣੀ ਰੱਖਿਆ ਕਰਦੇ ਹਨ। ਉਹ ਆਪਣੀਆਂ ਲੰਬੀਆਂ ਸ਼ਕਤੀ-ਸ਼ਾਲੀ ਬਾਹਵਾਂ ਤੇ ਵੱਡੇ ਵੱਡੇ ਹੱਥਾਂ-ਪੈਰਾਂ ਨਾਲ ਹੈਰਾਨੀ ਭਰੀ ਹੱਦ ਤਕ ਬਲਵਾਨ ਹੁੰਦੇ ਹਨ। ਉਨ੍ਹਾਂ ਦਾ ਅਸਲੀ ਘਰ ਪੱਛਮੀ ਅਫਰੀਕਾ ਹੈ ਪਰ ਯੂ. ਐਨ. ਓ. ਵਿਚ ਸੀਟ ਮਿਲਣ ਤੇ ਵੀ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ।









ਕਾਕਤੂਆ

ਵਧੇਰੇ ਚਿੜੀਆਘਰਾਂ ਵਿਚ ਇਕ ਜਾਂ ਦੋ ਕਾਕਤੂਆ ਹੁੰਦੇ ਹਨ। ਇਹ ਪੰਛੀ ਕੈਦ ਵਿਚ ਪ੍ਰਫੁੱਲਿਤ ਹੁੰਦੇ ਹਨ ਜੇਕਰ ਇਨ੍ਹਾਂ ਦੇ ਪਿੰਜਰੇ ਬਹੁਤ ਤੰਗ ਨਾ ਹੋਣ। ਇਨ੍ਹਾਂ ਨੂੰ ਆਸਟਰੇਲੀਆ ਤੋਂ ਲਿਆਂਦਾ ਜਾਂਦਾ ਹੈ। ਇਨ੍ਹਾਂ ਦਾ ਰੰਗ ਬਰਫ ਵਰਗਾ ਚਿੱਟਾ ਹੁੰਦਾ ਹੈ ਤੇ ਸਿਰ ਤੇ ਸ਼ਾਨਦਾਰ ਕਲਗੀ ਹੁੰਦੀ ਹੈ। ਕੁਝ ਕਾਕਤੂਆ ਚਿੱਟੇ ਹੁੰਦੇ ਹਨ ਜਿਨ੍ਹਾਂ ਦੀਆਂ ਗਲ੍ਹਾਂ, ਛਾਤੀਆਂ ਤੇ ਹੇਠਲੇ ਖੰਭ ਗੁਲਾਬੀ ਹੁੰਦੇ ਹਨ। ਇਨ੍ਹਾਂ ਦੀਆਂ ਕਲਗੀਆਂ ਤੇ ਲਾਲ ਉਤੇ ਹਰੀਆਂ ਧਾਰੀਆਂ ਹੁੰਦੀਆਂ ਹਨ। ਵਡੇ ਕਾਲੇ ਕਾਕਤੂਆ ਸਲੇਟੀ-ਰੰਗੇ ਹੁੰਦੇ ਹਨ ਜਿਨ੍ਹਾਂ ਦੇ ਫਿੱਕੇ ਲਾਲ ਗੱਲ੍ਹ ਤੇ ਲੰਬੇ-ਕਾਲੇ ਖੰਭਾਂ ਦੀਆਂ ਕਲਗੀਆਂ ਹੁੰਦੀਆਂ ਹਨ।

ਕਾਕਤੂਆ ਆਪਣੀਆਂ ਬੇਤੁਕੀਆਂ ਹਰਕਤਾਂ ਤੇ ਆਪਣੇ ਨਾਵਾਂ ਦੀ ਰਟ ਨਾਲ ਸਾਡਾ ਦਿਲ-ਪਰਚਾਵਾ ਕਰਦੇ ਹਨ। ਜੇ ਤੁਸੀਂ ਉਨ੍ਹਾਂ ਦੀ ਗੱਲਬਾਤ ਵਲ ਧਿਆਨ ਨਾ ਦਿਉ ਤਾਂ ਇਹ ਤੁਹਾਡੇ ਤੇ ਚੀਕਣਾ-ਚਿੱਲਾਣਾ ਸ਼ੁਰੂ ਕਰ ਦੇਣਗੇ।

ਤੋਤਿਆਂ ਵਾਂਗ ਇਹ ਆਪਣੀ ਤੇਜ਼ ਚੁੰਝ ਦੀ ਵਰਤੋਂ ਕਰ ਕੇ ਖੁਸ਼ ਹੁੰਦੇ ਹਨ। ਇਹ ਆਪਣੇ ਰਾਹ 'ਚ ਆਉਣ ਵਾਲੀ ਲਕੜ ਨੂੰ ਕੁਤਰ ਕੁਤਰ ਕੇ ਟੋਟੇ ਟੋਟੇ ਕਰਨ ਦੇ ਸ਼ੌਕੀਨ ਹਨ। ਇਹਦੀ ਚੁੰਝ ਤਾਕਤਵਰ ਤੇ ਤਿੱਖੀ ਹੈ। ਇਹ ਕਿਸੇ ਦੇ ਵੀ ਹੱਥਾਂ ਜਾਂ ਸਿਰ ਤੇ ਬਿਨਾਂ ਨੁਕਸਾਨ ਕੀਤੇ ਚੜ੍ਹ ਸਕਦਾ ਹੈ ਜਿਹਨੂੰ ਇਹ ਜਾਣਦਾ ਹੋਵੇ; ਪਰ ਜਿਹਨੂੰ ਇਹ ਨਾ ਜਾਣਦਾ ਹੋਵੇ, ਉਹਦੀਆਂ ਉਂਗਲਾਂ ਨੂੰ ਇਹ ਪਸੰਦ ਨਹੀਂ ਕਰਦਾ। ਇਸ ਲਈ ਇਹਦੇ ਪਿੰਜਰੇ ਵਿਚ ਆਪਣਾ ਹੱਥ ਨਾ ਵਾੜਨਾ, ਨਹੀਂ ਤਾਂ ਇਹ ਤੁਹਾਡੀਆਂ ਉਂਗਲਾਂ ਨੂੰ ਬੁਰੀ ਤਰ੍ਹਾਂ ਵਢ ਦੇਵੇਗਾ।

ਦਾਦਾ ਜੀ ਦਾ ਪਾਲਿਆ ਹੋਇਆ ਕਾਕਾਤੂਆ ਪਰਵਾਰ ਦੇ ਵੱਖ-ਵੱਖ ਜੀਆਂ ਨੂੰ ਪਛਾਣਦਾ ਸੀ। ਤੇ ਅਕਸਰ ਉਨ੍ਹਾਂ ਨੂੰ ਉਨ੍ਹਾਂ ਦੇ ਨਾਵਾਂ ਨਾਲ ਬੁਲਾਂਦਾ ਸੀ। ਮੇਰੇ ਵਿਚਾਰ ਵਿਚ ਇਹ ਸਾਡੇ ਜਾਣੂ ਕੀਰ (ਛੋਟਾ ਤੋਤਾ) ਨਾਲੋਂ ਉੱਤਮ ਹਨ ਜਿਹੜੇ ਅਕਸਰ ਹੀ 'ਗੰਗਾ ਰਾਮ' ਪੁਕਾਰਦੇ ਰਹਿੰਦੇ ਹਨ।



ਮਗਰਮੱਛ

ਕੀ ਤੁਸਾਂ ਮਗਰਮੱਛ ਦੇ ਮੂੰਹ ਤੇ ਮੁਸਕਰਾਹਟ ਵੇਖੀ ਹੈ ? ਇਹ ਮੁਸਕਰਾਹਟ ਹਮੇਸ਼ਾਂ ਹੀ ਕਾਇਮ ਰਹਿੰਦੀ ਹੈ ਤੇ ਸਿਰਫ ਉਦੋਂ ਹੀ ਗ਼ਾਇਬ ਹੁੰਦੀ ਹੈ ਜਦੋਂ ਉਹ ਆਪਣੀ ਖੁਰਾਕ ਖਾਣ ਲਈ ਆਪਣੇ ਵੱਡੇ ਸਾਰੇ ਜਬਾੜੇ ਨੂੰ ਖੋਲ੍ਹਦਾ ਹੈ ।

ਚਿੜੀਆਘਰ ਵਿਚ ਮਗਰਮੱਛ ਸੁਸਤ ਵਿਖਾਈ ਦਿੰਦਾ ਹੈ ਤੇ ਉਹ ਸਦਾ ਇੰਜ ਹੀ ਨਜ਼ਰ ਆਉਂਦਾ ਹੈ। ਜੰਗਲ ਵਿਚ ਵੀ ਦਰਿਆ ਦੇ ਕੰਢਿਆਂ ਕੋਲ ਸਥਿਰ ਰਹਿਣ ਦੀ ਉਹਦੀ ਆਦਤ ਹੈ ਜਿਵੇਂ ਉਹ ਕੋਈ ਠੁੰਢ ਰੁਖ ਦਾ ਤਣਾ ਹੋਵੇ ।

ਮਗਰਮੱਛ ਤਾਜ਼ੇ ਮਾਸ ਨਾਲੋਂ ਗਲਿਆ ਸੜਿਆ ਮਾਸ ਵਧੇਰੇ ਪਸੰਦ ਕਰਦਾ ਹੈ। ਅਕਸਰ ਉਹ ਆਪਣਾ ਸ਼ਿਕਾਰ ਉਸ ਵੇਲੇ ਤੱਕ ਦਬਾਈ ਰਖਦਾ ਹੈ ਜਦੋਂ ਤੱਕ ਉਹ ਚੰਗੀ ਤਰ੍ਹਾਂ ਗਲ-ਸੜ ਕੇ ਬਦਬੂਦਾਰ ਨਾ ਹੋ ਜਾਵੇ। ਪ੍ਰਸਿਧ ਹੈ ਕਿ ਮਗਰਮੱਛ ਦੇ ਫੜੇ ਹੋਏ ਬੰਦੇ ਮੁਰਦਾ ਬਣ ਗਏ ਸਨ ਤੇ ਉਨ੍ਹਾਂ ਇਸ ਤਰ੍ਹਾਂ ਮੌਤ ਦੇ ਮੂੰਹੋਂ ਆਪਣੇ ਆਪ ਨੂੰ ਬਚਾ ਲਿਆ। ਮਗਰਮੱਛ ਨੇ ਉਨ੍ਹਾਂ ਨੂੰ ਜ਼ਮੀਨ ਵਿਚ ਦਬਾ ਦਿਤਾ ਤੇ ਉਹ ਉਸ ਕਬਰ ਨੂੰ ਪੁਟ ਕੇ ਛੇਤੀ ਨਾਲ ਉਥੋਂ ਭੱਜ ਗਏ ।

ਭਾਰਤ ਦੇ ਕੁਝ ਭਾਗਾਂ ਵਿਚ ਦਲਦਲੀ ਮਗਰਮੱਛ ਪਵਿੱਤਰ ਮੰਨੇ ਜਾਂਦੇ ਹਨ । ਪ੍ਰਾਚੀਨ ਮਿਸਰੀ ਲੋਕ ਮਗਰਮੱਛ-ਦੇਵਤਾ ਦੀ ਪੂਜਾ ਵੀ ਕਰਦੇ ਸਨ। ਗੰਗਾ ਦਰਿਆ ਦੇ ਮਗਰਮੱਛਾਂ ਨੂੰ ਘੜਿਆਲ ਆਖਦੇ ਹਨ। ਉਨ੍ਹਾਂ ਦੇ ਲੰਬੇ-ਪਤਲੇ ਨਥਣੇ ਹੁੰਦੇ ਹਨ ਜਿਨ੍ਹਾਂ ਨਾਲ ਉਹ ਆਪਣੇ ਸਿਰ ਤੇਜ਼ੀ ਨਾਲ ਘੁੰਮਾ ਕੇ ਮੱਛੀਆਂ ਫੜਦੇ ਹਨ। ਸਭ ਤੋਂ ਸਾਧਾਰਨ ਮਗਰਮੱਛ ਅਫਰੀਕਾ ਜਾਂ ਨੀਲ ਦਰਿਆ ਦੇ ਹਨ. ਪਰ ਮਗਰਮੱਛ ਦੀ ਖੱਲ ਦੇ ਹੈਂਡਬੈਗ ਤੇ ਜੁੱਤੀਆਂ ਦਾ ਫੈਸ਼ਨ ਹੋਣ ਕਾਰਨ ਉਹ ਵੀ ਹੁਣ ਦੁਰਲੱਭ ਹੁੰਦੇ ਜਾ ਰਹੇ ਹਨ ।

ਇਹ ਬਹੁਤ ਹੀ ਤਰਸਯੋਗ ਗੱਲ ਹੋਵੇਗੀ ਜੇ ਮਗਰਮੱਛ ਧਰਤੀ ਤੋਂ ਲੋਪ ਹੋ ਗਏ ਕਿਉਂਕਿ ਉਹ ਬਹੁਤ ਪ੍ਰਾਚੀਨ ਜਾਨਵਰ ਹਨ । ਪਹਿਲਾ ਮਗਰਮੱਛ ਦੋ ਅਰਬ ਵਰ੍ਹੇ ਪਹਿਲਾਂ ਪ੍ਰਗਟ ਹੋਇਆ ਜਦੋਂ ਵਿਸ਼ਾਲ ਡਿਨੋਸੋਅਰ (ਪ੍ਰਾਚੀਨ ਜਾਨਵਰ ਅੱਜ ਕਲ ਦੁਰਲੱਭ ਹੈ) ਧਰਤੀ ਤੇ ਘੁੰਮ ਰਹੇ ਸਨ। ਅਜ ਦੇ ਮਗਰਮੱਛ ਆਪਣੇ ਭਾਰੀ ਸਰੀਰ ਤੇ ਜਬਾੜਿਆਂ ਨਾਲ ਲੁਪਤ ਜਾਨਵਰਾਂ ਵਾਂਗ ਵਿਖਾਈ ਦਿੰਦੇ ਹਨ ।

ਮਗਰਮੱਛ ਤੇ ਸੰਸਾਰ ਇਕ ਦੂਜੇ ਦੇ ਸੰਬੰਧੀ ਹਨ, ਪਰ ਦੋਹਾਂ 'ਚ ਥੋੜ੍ਹਾ ਫਰਕ ਹੈ। ਸੰਸਾਰ ਵਡੇ ਵਡੇ ਦਰਿਆਵਾਂ ਤੇ ਅਮਰੀਕਾ ਦੀਆਂ ਦਲਦਲਾਂ ਵਿਚ ਰਹਿੰਦਾ ਹੈ। ਉਹ ਆਮ ਤੌਰ ਤੇ ਬਹੁਤ ਹੀ ਡਰਪੋਕ ਹੁੰਦਾ ਹੈ ਅਤੇ ਜੇਕਰ ਉਹਨੂੰ ਇਕੱਲਾ ਛਡ ਦਿਤਾ ਜਾਵੇ ਤਾਂ ਦੂਜਿਆਂ ਨੂੰ ਵੀ ਇਕੱਲਾ ਛਡ ਦਿੰਦਾ ਹੈ।

ਹਾਥੀ

ਹਾਥੀ ਤੋਂ ਬਿਨਾਂ ਕੋਈ ਚਿੜੀਆਘਰ ਪੂਰਾ ਨਹੀਂ ਹੋ ਸਕਦਾ ਭਾਵੇਂ ਕਿ ਭਾਰਤ ਵਿਚ ਅਸੀਂ ਜੈਪੁਰ ਜਾਂ ਮੈਸੂਰ ਦੀਆਂ ਗਲੀਆਂ ਵਿਚ ਹਾਥੀ ਨੂੰ ਬੜੀ ਆਸਾਨੀ ਨਾਲ ਵੇਖ ਸਕਦੇ ਹਾਂ। ਹਰ ਬੰਦਾ ਹਾਥੀ ਨੂੰ ਪਸੰਦ ਕਰਦਾ ਹੈ। ਜਿਥੇ ਵੀ ਤੁਸੀਂ ਜਾਵੋ, ਇਹਨਾਂ ਵਿਸ਼ਾਲ ਸ਼ਰੀਰ ਵਾਲੇ ਜਾਨਵਰਾਂ ਬਾਰੇ ਤੁਸੀਂ ਕੌੜੀ ਗੱਲ ਨਹੀਂ ਸੁਣੋਗੇ। ਇਹਦੇ ਵਿਚ ਸ਼ਰਾਫ਼ਤ ਦੇ ਨਾਲ-ਨਾਲ ਸ਼ਕਤੀ ਵੀ ਹੈ। ਚੰਗੇ ਹਾਸੇ ਦੇ ਨਾਲ ਬੱਚਿਆਂ ਵਰਗਾ ਗੁਸੇਵਾਂ ਵੀ ਹੈ ਤੇ ਭਾਰੀ ਵਜ਼ਨ ਦੇ ਨਾਲ ਨਾਲ ਬੈਲੇ-ਨਿਰਤਕਾਰ ਵਰਗਾ ਕੋਮਲ ਸੰਤੁਲਨ ਵੀ ਹੈ।

ਹਾਥੀ ਦਾ ਹਿੰਦੂ ਤੇ ਬੋਧ ਲੋਕ-ਕਥਾਵਾਂ ਵਿਚ ਕਾਫੀ ਵਰਣਨ ਹੈ ਤੇ ਹਰ ਥਾਂ ਇਹਦਾ ਬੜਾ ਆਦਰ ਕੀਤਾ ਜਾਂਦਾ ਹੈ। ਕਿਸੇ ਵੀ ਜਾਨਵਰ ਨੂੰ ਇੰਨੇ ਸੁੰਦਰ ਨਾਂ ਨਹੀਂ ਦਿੱਤੇ ਗਏ ਜਿੰਨੇ ਸੁੰਦਰ ਨਾਂ ਹਾਥੀ ਨੂੰ ਇਹਦੇ ਮਹਾਵਤ ਜਾਂ ਰਖਵਾਲਿਆਂ ਨੇ ਦਿਤੇ ਹਨ। ਜਿਵੇਂ : ਮੋਤੀ, ਕੰਵਲ, ਕਾਲਾ ਨਾਗ, ਸੁਨਹਿਰੀ। ਹਥਣੀ ਲਈ 'ਪਿਆਰੀ' ਜਾਂ 'ਮੇਰੇ ਪਿਆਰ' ਸ਼ਬਦ ਅਕਸਰ ਇਹਦੇ ਨਾਂ ਨਾਲ ਲਾ ਦਿਤਾ ਜਾਂਦਾ ਹੈ।

ਇਨ੍ਹਾਂ ਜਾਨਵਰਾਂ ਨੂੰ ਇੰਨਾ ਆਦਰ ਕਿਉਂ ਦਿਤਾ ਜਾਂਦਾ ਹੈ ? ਕਾਰਣ ਢੂੰਡਣਾ ਔਖਾ ਨਹੀਂ। ਹਾਥੀ ਸਿਆਣੇ; ਮਿਹਨਤੀ ਤੇ ਵਫ਼ਾਦਾਰ ਹੁੰਦੇ ਹਨ। ਇਹ ਮਨੁੱਖ ਦੇ ਤੌਰ-ਤਰੀਕਿਆਂ ਨਾਲ ਛੇਤੀ ਹੀ ਆਪਣੇ ਆਪ ਨੂੰ ਬਿਠਾ ਲੈਂਦੇ ਹਨ (ਮੈਂ ਭਾਰਤੀ



ਹਾਥੀਆਂ ਬਾਰੇ ਆਖ ਰਿਹਾ ਹਾਂ ਅਫਰੀਕੀ ਹਾਥੀਆਂ ਬਾਰੇ ਨਹੀਂ ਜਿਨ੍ਹਾਂ ਦੇ ਸੁੰਦਰ ਹਾਥੀਦੰਦ ਨੇ ਇਹਨੂੰ ਦੁੱਖਦਾਈ ਤੇ ਸ਼ਿਕਾਰੀ ਜਾਨਵਰ ਬਣਾ ਦਿਤਾ ਹੈ।) ਹਾਥੀ ਪਿਆਰ ਦਾ ਜਵਾਬ ਦਿੰਦੇ ਹਨ। ਇਹ ਚਲਾਕ ਤੇ ਸ਼ਕਤੀਸ਼ਾਲੀ ਹਨ ਤੇ ਵੇਖਣ ਵਿਚ ਵੀ ਹੈਰਾਨੀ-ਭਰੇ ਹਨ। ਇਸ ਲਈ ਜੇਕਰ ਮੈਂ ਹਾਥੀ ਨੂੰ ਇਸ ਪੁਸਤਕ ਵਿਚ ਕੁਝ ਫਾਲਤੂ ਥਾਂ ਦੇ ਰਿਹਾ ਹਾਂ—ਤਾਂ ਇਹ ਠੀਕ ਵੀ ਹੈ। ਇਹ ਬਹੁਤ ਥਾਂ ਘੇਰਦਾ ਹੈ ਤੇ ਹਰ ਬੰਦੇ ਦਾ ਮਨਪਸੰਦ ਹੈ।

ਭਾਵੇਂ ਭਾਰਤ ਵਿਚ ਹਾਲੇ ਵੀ ਜੰਗਲੀ ਹਾਥੀ ਹਨ, ਪਰ ਹੁਣ ਹਾਥੀ ਇਕ ਘਰੋਗੀ ਤੇ ਪਾਲਤੂ ਜਾਨਵਰ ਹੈ। ਪਾਲਤੂ ਹਾਥੀ ਜੰਗਲੀ ਹਾਥੀਆਂ ਨੂੰ ਅਕਸਰ ਘੇਰ ਲਿਆਂਦੇ ਹਨ ਤੇ ਆਪਣੇ ਸੰਬੰਧੀਆਂ ਤੇ ਸਭਿਆ

ਪ੍ਰਭਾਵ ਪਾਂਦੇ ਹਨ, ਪਰ ਹਾਥੀ ਦੇ ਵਤੀਰੇ ਬਾਰੇ ਕੋਈ ਭਵਿੱਖਬਾਣੀ ਨਹੀਂ ਕੀਤੀ ਜਾ ਸਕਦੀ ।

ਮੈਂ ਇਕ ਪਾਲਤੂ ਹਾਥੀ ਨੂੰ ਦਰਿਆ ਦੇ ਵਿਚਕਾਰ ਇਕ ਟਾਪੂ ਤੋਂ ਸੰਕਟ-ਫਸੇ ਪੇਂਡੂਆਂ ਨੂੰ ਬਚਾਦੇ ਹੋਏ ਵੇਖਿਆ। ਇਕ ਹੋਰ ਮੌਕੇ ਤੇ ਉਸੇ ਹਾਥੀ ਨੂੰ ਆਪੇ ਤੋਂ ਬਾਹਰ ਹੋ ਕੇ ਪਿੰਡ ਦੇ ਡਾਕਖਾਨੇ ਨੂੰ ਤਬਾਹ ਕਰਦੇ ਹੋਏ ਵੇਖਿਆ ।

ਹਾਥੀਆਂ ਨੂੰ ਰਖਣਾ ਬਹੁਤ ਮਹਿੰਗਾ ਹੈ ਤੇ ਪੁਰਾਣੇ ਵੇਲਿਆਂ ਵਿਚ ਕੇਵਲ ਰਾਜਾ ਲੋਕ ਹੀ ਇਨ੍ਹਾਂ ਨੂੰ ਰਖਣ ਦੀ ਸਮਰੱਥਾ ਰਖ ਸਕਦੇ ਸਨ। ਰਾਜਾ ਲੋਕ ਹਾਥੀਆਂ ਦੀ ਵੇਖ-ਭਾਲ ਲਈ ਕਈ ਬੰਦੇ ਨੌਕਰ ਰਖਦੇ ਸਨ। ਇਨ੍ਹਾਂ ਬਹੁਤ ਸਾਰੇ ਨੌਕਰਾਂ ਕਾਰਨ ਹੀ ਇਹ ਕਹਾਵਤ ਬਣ ਗਈ ਹੈ—'ਹਾਥੀ ਦੇ ਪੈਰ ਵਿਚ ਸਭ ਦਾ ਪੈਰ ।'

ਸਮਾਰੋਹ ਸੰਬੰਧੀ ਅਵਸਰਾਂ ਜਿਵੇਂ ਗਣਤੰਤਰ ਦਿਵਸ-ਪਰੇਡ ਤੇ ਹਾਥੀ ਨੂੰ ਹਾਲੇ ਵੀ 'ਸਜਾਇਆ' ਜਾਂਦਾ ਹੈ। ਮਹਾਵਤ ਦੇ ਇਸ਼ਾਰਾ ਕਰਨ ਤੇ ਹਾਥੀ ਜ਼ਮੀਨ ਤੇ ਬੈਠਦਾ ਹੈ ਤੇ ਫਿਰ ਇਹਨੂੰ ਬੱਚਿਆਂ ਵਾਂਗ ਇਸ਼ਨਾਨ ਕਰਵਾਇਆ ਜਾਂਦਾ ਹੈ। ਮਹਾਵਤ ਦੇ ਇਕ ਸ਼ਬਦ ਤੇ ਇਹ ਆਪਣਾ ਸਿਰ ਜਾਂ ਲੱਤ ਉੱਤੇ ਚੁਕਦਾ ਹੈ ਜਦੋਂ ਕਿ ਮਹਾਵਤ ਦਾ ਛੋਟਾ ਪੁੱਤਰ ਹਾਥੀ ਦੇ ਵਿਸ਼ਾਲ ਸ਼ਰੀਰ ਤੇ ਚੜ੍ਹ ਜਾਂਦਾ ਹੈ ਤੇ ਇੱਟ ਨਾਲ ਉਹਦੇ ਸ਼ਰੀਰ ਨੂੰ ਰਗੜਦਾ ਹੈ। ਹਾਥੀ ਕਈ ਵਾਰ ਸਾਬਣ ਵਾਲੇ ਪਾਣੀ ਨਾਲ ਖੇਡਦਾ ਹੈ ਤੇ ਚਾਰੇ ਪਾਸੇ ਪਾਣੀ ਦੇ ਛਿੱਟੇ ਉਡਾਂਦਾ ਹੈ।

ਜਦੋਂ ਇਸ਼ਨਾਨ ਮੁੱਕ ਜਾਂਦਾ ਹੈ ਤਾਂ ਇਹਨੂੰ 'ਸਜਾਇਆ' ਜਾਂਦਾ ਹੈ। ਪਹਿਲਾਂ ਮੱਥਾ, ਸੁੰਡ ਤੇ ਕੰਨਾਂ ਉਤੇ ਵਡੇ-ਵਡੇ ਫੁਲ-ਬੂਟੇ ਉਲੀਕੇ ਜਾਂਦੇ ਹਨ। ਇਸ ਕੰਮ 'ਚ ਬਹੁਤ ਸਾਰੇ ਮਹਾਵਤ ਪ੍ਰਵੀਣ ਹੁੰਦੇ ਹਨ। ਫਿਰ ਹੌਦਾ ਸੂਤੀ ਰੱਸਿਆਂ ਨਾਲ ਬੰਨ੍ਹਿਆਂ ਜਾਂਦਾ ਹੈ ਜਿਸ ਨਾਲ ਇਹਦੀ ਖੱਲ ਤੇ ਕੋਈ ਰਗੜ ਨਹੀਂ ਪੈਂਦੀ। ਹੌਦੇ ਨੂੰ ਬੜੀ ਸ਼ਾਨ ਨਾਲ ਸਜਾਇਆ ਜਾਂਦਾ ਹੈ।

ਹਾਥੀ ਇਨ੍ਹਾਂ ਸਾਰੇ ਕੰਮਾਂ ਨੂੰ ਬੜੇ ਧੀਰਜ ਨਾਲ ਸਹਿੰਦਾ ਹੈ, ਪਰ ਕਈ ਵਾਰੀ ਜਦੋਂ ਸਭ ਕੁਝ ਤਿਆਰ ਹੋ ਜਾਂਦਾ ਹੈ ਤਾਂ ਇਹ ਅਚਾਨਕ ਪੱਤਿਆਂ ਦਾ ਢੇਰ ਤੇ ਪੱਠੇ ਆਪਣੀ ਪਿੱਠ ਤੇ ਵਗਾਹ ਸੁੱਟਦਾ ਹੈ ਤੇ ਮਹਾਵਤ ਨੂੰ ਪਰੇਡ ਸ਼ੁਰੂ ਹੋਣ ਤੋਂ ਪਹਿਲਾਂ ਕੁਝ ਹੋਰ ਵਾਧੂ ਕੰਮ ਕਰਨਾ ਪੈ ਜਾਂਦਾ ਹੈ।

ਹਾਥੀ ਦਾ ਸਭ ਤੋਂ ਮਹੱਤਵਪੂਰਨ ਅੰਗ ਇਹਦੀ ਸੁੰਡ ਹੁੰਦੀ ਹੈ। ਸੁੰਡ ਇਕ ਲੰਬੀ ਨੱਕ ਹੁੰਦੀ ਹੈ। ਜੇ ਤੁਸੀਂ ਹਾਥੀ ਦੀ ਸੁੰਡ ਨੂੰ ਗਹੁ ਨਾਲ ਵੇਖੋ ਤਾਂ ਤੁਹਾਨੂੰ ਸੁੰਡ ਦੇ ਸਿਰੇ ਤੇ ਨਾਸਾਂ ਵਿਖਾਈ ਦੇਣਗੀਆਂ ਜਿਵੇਂ ਸਾਡੇ

ਨੱਕ ਦੇ ਹੇਠਾਂ ਨਾਸਾਂ ਹੁੰਦੀਆਂ ਹਨ। ਹਾਥੀ ਆਪਣੀ ਸੁੰਡ ਨਾਲ ਉਸੇ ਤਰ੍ਹਾਂ ਸਾਹ ਲੈਂਦਾ ਹੈ ਜਿਵੇਂ ਅਸੀਂ ਆਪਣੇ ਨੱਕ ਨਾਲ ਲੈਂਦੇ ਹਾਂ। ਪਰ ਸੁੰਡ ਨੱਕ ਤੋਂ ਇਲਾਵਾ ਹੱਥ ਦਾ ਵੀ ਕੰਮ ਦਿੰਦੀ ਹੈ। ਹਾਥੀ ਇਸ ਨਾਲ ਜ਼ਮੀਨ ਤੋਂ ਚੀਜ਼ਾਂ ਚੁਕ ਸਕਦਾ ਹੈ ਤੇ ਬਿਰਛਾਂ ਤੋਂ ਪੱਤੇ ਤੋੜ ਸਕਦਾ ਹੈ। ਇਹ ਆਪਣੀ ਸੰਡ ਨਾਲ ਪਾਣੀ ਸੁੜਕ ਕੇ ਪੀਂਦਾ ਹੈ। ਸੁੰਡ ਨੂੰ ਪਾਣੀ ਵਿਚ ਡੁਬੋ ਕੇ ਇਹ ਅੰਦਰ ਵਲ ਸਾਹ ਖਿੱਚਦਾ ਹੈ। ਫਿਰ ਇਹ ਸੁੰਡ ਨੂੰ ਮਰੋੜਦਾ ਹੈ ਤਾਂ ਜੋ ਨਾਸਾਂ ਦਾ ਮੂੰਹ ਖੁਲ੍ਹੇ ਮੂੰਹ ਵਲ ਹੋ ਜਾਵੇ। ਫਿਰ ਬਾਹਰ ਨੂੰ ਸਾਹ ਕਢ ਕੇ ਉਹ ਨਾਸਾਂ ਰਾਹੀਂ ਪਾਣੀ ਦੀ ਪਿਚਕਾਰੀ ਸੁੰਡ 'ਚ ਮਾਰਦਾ ਹੈ ਤੇ ਪਾਣੀ ਮੂੰਹ ਵਿਚ ਚਲਾ ਜਾਂਦਾ ਹੈ। ਵੇਖਿਆ—ਸੁੰਡ ਕਿੰਨੀ ਅਨੋਖੀ ਚੀਜ਼ ਹੈ !



ਜਿਰਾਫ

ਇਹ ਸੁੰਦਰ ਜਾਨਵਰ ਕੇਵਲ ਅਫਰੀਕਾ ਵਿਚ ਜੰਗਲੀ ਰੂਪ ਵਿਚ 'ਚ ਮਿਲਦਾ ਹੈ। ਸਭ ਤੋਂ ਪਹਿਲਾਂ ਯੂਰਪ ਵਿਚ ਰੋਮਨ ਸਿਆਸਤਦਾਨ ਜੂਲੀਅਸ ਸੀਜ਼ਰ (102-44 ਪੂਰਵ ਈਸਵੀ) ਨੇ ਰੋਮ ਦੀ ਇਕ ਸਰਕਸ 'ਚ ਇਹਨੂੰ ਪੇਸ਼ ਕੀਤਾ ਸੀ। ਉਸ ਪਿਛੋਂ ਆਉਣ ਵਾਲੇ ਸਮਰਾਟਾਂ ਨੇ ਵੀ ਇਹਦਾ ਉੱਥੇ ਪ੍ਰਦਰਸ਼ਨ ਕੀਤਾ। ਪੰਜਵੀਂ ਸਦੀ 'ਚ ਰੋਮ ਸਾਮਰਾਜ ਦੇ ਪਤਨ ਤੋਂ ਬਾਅਦ 1827 ਤਕ ਕੋਈ ਜਿਰਾਫ਼ ਯੂਰਪ ਵਿਚ ਕਦੇ ਵੀ ਨਹੀਂ ਲਿਆਂਦਾ ਗਿਆ। 1827 'ਚ ਮਿਸਰ ਦੇ ਪਾਸ਼ਾ ਨੇ ਇਕ ਜਿਰਾਫ਼ ਅੰਗਰੇਜ਼ਾਂ ਨੂੰ ਤੇ ਇਕ ਫਰਾਂਸੀਸੀਆਂ ਨੂੰ ਭੇਂਟ ਕੀਤਾ। ਉਸ ਪਿਛੋਂ ਅਨੇਕ ਜਿਰਾਫ ਅਫਰੀਕਾ ਤੋਂ ਲਿਆਂਦੇ ਗਏ ਤੇ ਦੁਨੀਆਂ ਭਰ ਦੇ ਚਿੜੀਆਘਰਾਂ 'ਚ ਰਖੇ ਗਏ।

ਧਰਤੀ ਤੇ ਵਸਣ ਵਾਲੇ ਸਾਰੇ ਪ੍ਰਾਣੀਆਂ 'ਚੋਂ ਜਿਰਾਫ਼ ਸਭ ਤੋਂ ਲੰਬਾ ਹੈ। ਪੂਰਾ ਬਾਲਗ ਹੋਣ ਤੇ ਉਹਦਾ ਕਦ ਸੋਲ੍ਹਾਂ ਜਾਂ ਸਤਾਰ੍ਹਾਂ ਫੁੱਟ ਉੱਚਾ ਹੁੰਦਾ ਹੈ। ਇਹਦਾ ਲੰਬਾ ਨੱਕ ਇਹਨੂੰ ਉੱਚੇ ਬਿਰਛਾਂ ਦੀਆਂ ਚੋਟੀਆਂ ਤੇ ਪੁੱਜਣ 'ਚ ਮਦਦ ਕਰਦਾ ਹੈ। ਇਨ੍ਹਾਂ ਬਿਰਛਾਂ ਦੇ ਪੱਤੇ ਇਹਦੀ ਖੁਰਾਕ ਦਾ ਵੱਡਾ ਹਿੱਸਾ ਹਨ। ਇਹਦੀ ਜੀਭ ਲੰਬੀ ਤੇ ਪਤਲੀ ਹੁੰਦੀ ਹੈ ਅਤੇ ਪੱਤੇ ਤੇ ਟਹਿਣੀਆਂ ਨੂੰ ਖਿੱਚ-ਧੂ ਕੇ ਇਹਦੇ ਮੂੰਹ ਵਲ ਲਿਆਉਣ 'ਚ ਸਹਾਇਕ ਹੁੰਦੀ ਹੈ।


ਜਿਰਾਫ਼ ਦੀ ਚਾਲ ਬਹੁਤ ਹੀ ਬੇਢੱਬੀ ਹੁੰਦੀ ਹੈ ਕਿਉਂਕਿ ਇਹ ਆਪਣੀਆਂ ਦੋਵੇਂ ਟੰਗਾਂ ਇਕੋ ਹੀ ਵੇਲੇ ਇਕੋ ਪਾਸੇ ਵਲ ਹਿਲਾਂਦਾ-ਡੁਲਾਂਦਾ ਹੈ। ਫਿਰ ਵੀ ਇਹ ਬਹੁਤ ਤੇਜ਼ ਦੌੜ ਸਕਦਾ ਹੈ। ਇਹਦੀਆਂ ਅੱਖਾਂ ਮ੍ਰਿਗ ਨਾਲੋਂ ਬਹੁਤ ਸੁੰਦਰ ਤੇ ਵੱਡੀਆਂ ਹੁੰਦੀਆਂ ਹਨ। ਜਿਰਾਫ਼ ਦੂਰ ਤਕ ਵੇਖ ਸਕਦਾ ਹੈ ਤੇ ਇਹਦੀ ਸੁੰਘਣ-ਸ਼ਕਤੀ ਬਹੁਤ ਤੇਜ਼ ਹੈ। ਜੇਕਰ ਹਵਾ ਇਸ ਵਲ ਵਗ ਰਹੀ ਹੋਵੇ ਤਾਂ ਜਿਰਾਫ਼ ਨੂੰ ਬਹੁਤ ਦੂਰੋਂ ਹੀ ਮਨੁੱਖ ਦਾ ਪਤਾ ਲਗ ਜਾਂਦਾ ਹੈ। ਇਸੇ ਲਈ ਬਾਲਗ ਜਿਰਾਫ਼ ਘੱਟ ਹੀ ਫੜਿਆ ਜਾਂਦਾ ਹੈ। ਉੱਚੇ ਕੱਦ ਕਾਰਨ ਇਨ੍ਹਾਂ ਨੂੰ ਕਿਸੇ ਹੋਰ ਥਾਂ ਲੈ ਜਾਣਾ ਔਖਾ ਹੈ। ਚਿੜੀਆਘਰ ਵਿਚ ਵੇਖੇ ਜਾਣ ਵਾਲੇ ਜਿਰਾਫ਼ਾਂ ਨੂੰ ਉਦੋਂ ਫੜਿਆ ਗਿਆ ਜਦੋਂ ਇਹ ਬੱਚੇ ਸਨ। ਇਹ ਚਿੜੀਆਘਰਾਂ ਵਿਚ ਹੀ ਵਧਦੇ-ਫਲਦੇ ਹਨ ਜਿੱਥੇ ਇਨ੍ਹਾਂ ਨੂੰ ਕਣਕ, ਅੰਨ, ਗਾਜਰਾਂ ਤੇ ਘਾਹ ਖਵਾਇਆ ਜਾਂਦਾ ਹੈ।

'ਜਿਰਾਫ਼' ਸ਼ਬਦ ,ਅਰਬੀ ਸ਼ਬਦ 'ਜ਼ੀਰਾਫਾਹ' ਤੋਂ ਬਣਾਇਆ ਗਿਆ ਹੈ ਜਿਹਦਾ ਅਰਥ ਹੈ ਲੰਬੀ ਧੌਣ ਹੈ।


26

ਗੁਆਨਾ ਸੂਰ





ਨਿੱਕੇ ਦਿਲ-ਖਿੱਚਵੇਂ ਗੁਆਨਾ ਸੂਰ ਬੱਚਿਆਂ ਦੇ ਬਹੁਤ ਪਿਆਰੇ ਹਨ। ਦਰਅਸਲ ਇਹ ਵੇਖਣ ਵਿਚ ਸੂਰ ਨਾਲੋਂ ਖਰਗੋਸ਼ ਵਧੇਰੇ ਜਾਪਦੇ ਹਨ। ਅਸਲ 'ਚ ਗੁਆਨਾ ਸੂਰ ਦਾ ਨਾਂ ਗਲਤ ਹੈ ਕਿਉਂਕਿ ਇਹ ਸੂਰ ਨਹੀਂ ਹੈ ਸਗੋਂ ਇਕ ਕੁਤਕ (ਕੁਤਰਨ ਵਾਲਾ ਜਾਨਵਰ) ਹੈ ਤੇ ਗੁਆਨਾ ਤੋਂ ਨਹੀਂ ਸਗੋਂ ਦੱਖਣੀ ਅਮਰੀਕਾ ਤੋਂ ਆਉਂਦਾ ਹੈ। ਇਹ ਸੂਰ ਵਾਂਗ ਘੁਰਘੁਰ ਕਰਦਾ ਹੈ ਤੇ ਸ਼ਾਇਦ ਇਸੇ ਲਈ ਇਹਨੂੰ ਇਹ ਨਾਂ ਦਿਤਾ ਗਿਆ ਹੈ।

ਗੁਆਨਾ ਸੂਰ ਅਕਸਰ ਪਾਲਤੂ ਜਾਨ-ਵਰਾਂ ਵਾਂਗ ਰਖੇ ਜਾਂਦੇ ਹਨ। ਇਨ੍ਹਾਂ ਦੀ ਖੁਰਾਕ ਸਾਗ-ਸਬਜ਼ੀ ਹੈ। ਜੋ ਕੁਝ ਖਰਗੋਸ਼ ਖਾਂਦੇ ਹਨ, ਉਹੋ ਕੁਝ ਇਹ ਖਾਂਦੇ ਹਨ ਸਗੋਂ ਇਹ ਅਜਵਾਇਨ ਦੇ ਬੂਟੇ ਤੇ ਗਾਜਰਾਂ ਸਭ ਤੋਂ ਵਧੇਰੇ ਪਸੰਦ ਕਰਦੇ ਹਨ। ਇਹ ਚਾਹ ਦੀਆਂ ਪੱਤੀਆਂ ਤੇ ਫਲਾਂ ਦੇ ਸ਼ੌਕੀਨ ਹਨ। ਇਨ੍ਹਾਂ ਦੇ ਛੋਟੇ ਚਮਕੀਲੇ ਵਾਲ ਹੁੰਦੇ ਹਨ। ਇਨ੍ਹਾਂ ਦਾ ਰੰਗ ਗੂੜ੍ਹਾ ਭੂਰਾ ਹੁੰਦਾ ਹੈ ਤੇ ਉਸ ਵਿਚਕਾਰ ਚਿੱਟੀਆਂ, ਕਾਲੀਆਂ ਤੇ ਪੀਲੀਆਂ ਧਾਰੀਆਂ ਹੁੰਦੀਆਂ ਹਨ।

ਖਰਗੋਸ਼ ਵਾਂਗ ਗੁਆਨਾ ਸੂਰ ਵੀ ਬਹੁਤ ਛੇਤੀ ਸੰਤਾਨ ਪੈਦਾ ਕਰਨ ਲਗਦੇ ਹਨ। ਇਹ ਦਸ ਮਹੀਨੇ ਦੀ ਉਮਰ 'ਚ ਸੰਤਾਨ ਪੈਦਾ ਕਰਨੀ ਸ਼ੁਰੂ ਕਰ ਦਿੰਦੇ ਹਨ। ਹਰ ਇਕ ਸੂਏ 'ਚ ਔਸਤਨ ਛੇ ਜਾਂ ਸੱਤ ਬੱਚੇ ਹੁੰਦੇ ਹਨ। ਇਨ੍ਹਾਂ ਦੇ ਜਨਮ ਦੇ ਛੇ ਹਫਤੇ ਤੋਂ ਵੀ ਘਟ ਸਮੇਂ ਪਿਛੋਂ ਇਨ੍ਹਾਂ ਨੂੰ ਆਪਣੀ ਰੱਖਿਆ ਆਪ ਕਰਨੀ ਪੈਂਦੀ ਹੈ ਤੇ ਮਾਂ ਦੂਜੇ ਸੂਏ ਲਈ ਤਿਆਰ ਹੋ ਜਾਂਦੀ ਹੈ।

ਦਰਿਆਈ ਘੋੜਾ

ਸ਼ਾਇਦ ਹੀ ਕੋਈ ਵੱਡਾ ਜਾਨਵਰ ਦਰਿਆਈ ਘੋੜੇ ਨਾਲੋਂ ਕਰੂਪ ਹੋਵੇ ਜਿਹੜਾ ਪੂਰਬੀ ਅਫਰੀਕਾ ਤੇ ਜ਼ੇਰੇ ਦੇ ਦਰਿਆਵਾਂ ਤੇ ਨਦੀਆਂ ਵਿਚ ਰਹਿੰਦਾ ਹੈ। ਉਹ ਆਪਣੇ ਮੋਢੇ ਤੇ ਚਾਰ ਫੁਟ ਉੱਚਾ ਖਲੋ ਸਕਦਾ ਹੈ। ਉਹਦੀ ਲੰਬਾਈ ਯਾਰ੍ਹਾਂ ਤੇ ਚੌਦ੍ਹਾਂ ਫੁੱਟ ਦੇ ਵਿਚਕਾਰ ਹੁੰਦੀ ਹੈ। ਉਹਦਾ ਵਜ਼ਨ 5,000



ਤੋਂ 8,000 ਪੌਂਡ ਤਕ ਹੁੰਦਾ ਹੈ। ਉਹਦੀਆਂ ਵੱਡੀਆਂ-ਵੱਡੀਆਂ ਅੱਖਾਂ ਹੁੰਦੀਆਂ ਹਨ। ਨਿੱਕੇ-ਨਿੱਕੇ ਹਾਸੋਹੀਣੇ ਕੰਨ ਤੇ ਨਥਣੇ ਅਜਿਹੀ ਥਾਵੇਂ ਹੁੰਦੇ ਹਨ ਕਿ ਜਦੋਂ ਉਹਦਾ ਸਾਰਾ ਸਰੀਰ ਪਾਣੀ ਵਿਚ ਹੁੰਦਾ ਹੈ ਤਾਂ ਉਹ ਨਥਣਿਆਂ ਨਾਲ ਸਾਹ ਲੈ ਸਕਦਾ ਹੈ, ਪਰ ਉਹਦੇ ਵੱਡੇ ਸਾਰੇ ਮੂੰਹ ਨੇ ਕਈਆਂ ਲੋਕਾਂ ਨੂੰ ਮੋਹ ਲਿਆ। ਜਦੋਂ ਉਹ ਉਬਾਸੀ ਲੈਂਦਾ ਹੈ ਤਾਂ ਉਹਦੇ ਮੂੰਹੋਂ ਬਹੁਤ ਸਾਰੀ ਗੁਲਾਬੀ ਝੱਗ ਨਿਕਲਦੀ ਹੈ ਤੇ ਉਹਦੇ ਦੰਦਾਂ ਦੀ ਝਲਕ ਵੀ ਵਿਖਾਈ ਦਿੰਦੀ ਹੈ। ਉਹਦੇ ਦੰਦ ਹਾਥੀ ਦੰਦ ਵਾਂਗ ਵਡੇ ਵਡੇ ਜਾਪਦੇ ਹਨ, ਪਰ ਉਹ ਅੰਦਰ ਵਲ ਨੂੰ ਮੁੜ ਜਾਂਦੇ ਹਨ ਤੇ ਮੂੰਹੋਂ ਬਾਹਰ ਨਹੀਂ ਆਉਂਦੇ।

ਦਰਿਆਈ ਘੋੜੇ ਦੇ ਜਬੜੇ ਇੰਨੇ ਮਜ਼ਬੂਤ ਹੁੰਦੇ ਹਨ ਕਿ ਮਗਰਮੱਛ ਦੀ ਖੱਲ ਤੱਕ ਨੂੰ ਪਾੜ ਸਕਦੇ ਹਨ। ਉਹਦੇ ਮੂੰਹ 'ਚ ਤਰਬੂਜ਼ ਇੰਜ ਜਾਪਦਾ ਹੈ ਕਿ ਜਿਵੇਂ ਤੁਹਾਡੇ ਮੂੰਹ 'ਚ ਆਲੂਚਾ ਹੋਵੇ, ਪਰ ਉਹਦਾ ਸੁਭਾ ਝਗੜਾਲੂ ਨਹੀਂ ਹੈ। ਅਸਾਂ ਸੁਣਿਆ ਹੈ ਕਿ ਦਰਿਆਈ ਘੋੜੇ ਬੇੜੀਆਂ ਤੇ ਹਮਲਾ ਕਰਦ ਤੇ ਉਨ੍ਹਾਂ ਨੂੰ ਉਲਟਾ ਦਿੰਦੇ ਹਨ। ਫਿਰ ਆਪਣੇ ਜਬਾੜਿਆਂ ਹੇਠਾਂ ਬੇੜੀਆਂ ਨੂੰ ਪੀਹ ਸੁੱਟਦੇ ਹਨ। ਇੰਜ ਉਸ ਵੇਲੇ ਹੁੰਦਾ ਹੈ ਜਦੋਂ ਦਰਿਆਈ ਘੋੜੇ ਦਾ ਬੱਚਾ ਬੇੜੇ ਦੇ ਨੇੜੇ ਹੋਵੇ ਤੇ ਆਲੇ-ਦੁਆਲੇ ਮਗਰਮੱਛ ਵਧੀਕ ਗਿਣਤੀ 'ਚ ਹੋਣ। ਜਦੋਂ ਉਨ੍ਹਾਂ ਦੇ ਬੱਚੇ ਨੇੜੇ ਹੋਣ ਤਾਂ ਉਹ ਮਗਰਮੱਛਾਂ ਨੂੰ ਡਰਾਂਦੇ ਹਨ। ਕਰੋਧੀ ਦਰਿਆਈ ਘੋੜਾ ਬੇੜੀ ਨੂੰ ਮਗਰਮੱਛ ਸਮਝ ਕੇ ਉਸ ਤੇ ਹਮਲਾ ਕਰਦਾ ਹੈ।

ਉਹ ਸ਼ਾਕਾਹਾਰੀ ਹੈ ਤੇ ਉਹਦੀ ਭੁੱਖ ਡਾਢੀ ਹੁੰਦੀ ਹੈ। ਉਹ 200 ਤੋਂ 400 ਪੌਂਡ ਸਾਗ-ਸਬਜ਼ੀ ਹਰ ਰੋਜ਼ ਖਾਂਦਾ ਹੈ।

ਵਡੇ ਵਡੇ ਪੇਟੂਆਂ ਵਾਂਗ ਦਰਿਆਈ ਘੋੜਾ ਵੀ ਖਾਣੇ ਪਿਛੋਂ ਆਰਾਮ ਕਰਨਾ

ਪਸੰਦ ਕਰਦਾ ਹੈ। ਉਹ ਹੌਲੀ ਹੌਲੀ ਵਗਦੇ ਦਰਿਆ ਵਿਚ ਸਾਰਾ ਦਿਨ ਲੇਟੇ ਰਹਿੰਦੇ ਹਨ। ਸਾਡੀਆਂ ਪਾਲਤੂ ਮੱਝਾਂ ਵਾਂਗ ਹੀ ਦਰਿਆਈ ਘੋੜੇ ਪਾਣੀ ਨੂੰ ਪਿਆਰ ਕਰਦੇ ਹਨ। ਸਾਡੀਆਂ ਮੱਝਾਂ ਵਾਂਗ ਹੀ ਉਹ ...ਲੇ-ਦੁਆਲੇ ਵਿਚ ਰਤੀ ਭਰ ...ਹੀਂ ਲੈਂਦੇ। ਉਹ ਆਪਣੇ ਉਤੇ ਆਰਾਮ ਕਰਨ ਵਾਲੀਆਂ ਸਮੁੰਦਰੀ ਚਿੜੀਆਂ ਦੀ ਵੀ ਉੱਕਾ ਪਰਵਾਹ ਨਹੀਂ ਕਰਦੇ। ਥੋੜ੍ਹੀ-ਥੋੜ੍ਹੀ ਦੇਰ ਮਗਰੋਂ ਉਹ ਵਿਲਖਣ ਕਿਸਮ ਦੀ ਘੁਰਘੁਰਾਹਟ, ਬੁੜ-ਬੁੜਾਹਟ, ਫਰਾਟੇ ਤੇ ਗਰਜ ਕਰਦੇ ਰਹਿੰਦੇ ਹਨ ਜਿਹੜੀ ਇਕ ਮੀਲ ਦੂਰ ਤੋਂ ਵੀ ਸੁਣੀ ਜਾ ਸਕਦੀ ਹੈ।



ਕੰਗਾਰੂ

ਇਹ ਜਾਨਵਰ ਕੇਵਲ ਆਸਟਰੇਲੀਆ, ਨਿਊ ਗੁਆਨਾ ਤੇ ਉਨ੍ਹਾਂ ਦੇ ਗੁਆਂਢੀ ਟਾਪੂਆਂ ਵਿਚ ਮਿਲਦਾ ਹੈ। ਕੰਗਾਰੂ ਲਗ-ਭਗ ਆਦਮੀ ਜਿੰਨਾ ਲੰਬਾ ਹੁੰਦਾ ਹੈ ਪਰ ਇਹਦੀਆਂ ਪਿਛਲੀਆਂ ਲੱਤਾਂ ਲੰਬੀਆਂ ਹੁੰਦੀਆਂ ਹਨ ਜਿਨ੍ਹਾਂ ਨਾਲ ਇਹ ਲੰਬੀਆਂ ਛਾਲਾਂ ਮਾਰਦਾ ਹੈ। ਕਈ ਵਾਰ ਇਕੋ ਵੇਲੇ ਪੰਦਰ੍ਹਾਂ ਫੁਟ ਲੰਬੀ ਛਾਲ ਵੀ ਮਾਰ ਲੈਂਦਾ ਹੈ।



ਇਹਦੀਆਂ ਅਗਲੀਆਂ ਲੱਤਾਂ ਛੋਟੀਆਂ ਹਨ ਤੇ ਇਹ ਚਲਣ ਦੇ ਕੰਮ ਨਹੀਂ ਆਉਂਦੀਆ ਸਗੋਂ ਕੇਵਲ ਜ਼ਮੀਨ ਪੁੱਟਣ, ਚੀਜ਼ਾਂ ਫੜਨ ਤੇ ਖੁਰਾਕ ਨੂੰ ਮੂੰਹ ਤਕ ਲੈ ਜਾਣ ਦੇ ਕੰਮ ਆਉਂਦੀਆਂ ਹਨ। ਇਹਦੀ ਪੂਛ ਲੰਬੀ, ਮੋਟੀ ਤੇ ਮਜ਼ਬੂਤ ਹੁੰਦੀ ਹੈ ਤੇ ਛਾਲਾਂ ਮਾਰਨ ਤੇ ਬਹਿਣ ਵੇਲੇ ਇਹਦੇ ਸਰੀਰ ਦਾ ਸੰਤੁਲਨ ਕਾਇਮ ਰਖਣ ਲਈ ਕੰਮ ਦਿੰਦੀ ਹੈ। ਇਹਦਾ ਸਿਰ ਹਿਰਨ ਵਰਗਾ ਹੈ ਤੇ ਹਿਰਨ ਵਾਂਗ ਇਹਦੀਆਂ ਸੁੰਦਰ, ਗੋਲ ਤੇ ਮੁਲਾਇਮ ਅੱਖਾਂ ਹਨ।

ਕੰਗਾਰੂ ਕੇਵਲ ਸਾਗ-ਸਬਜ਼ੀ ਖਾਂਦਾ ਹੈ। ਇਹ ਬੜੇ ਸ਼ਰਮਾਕਲ ਤੇ ਡਰਪੋਕ ਹੁੰਦੇ ਹਨ ਤੇ ਮਨੁੱਖ ਤੋਂ ਦੂਰ ਭੱਜ ਜਾਂਦੇ ਹਨ, ਪਰ ਜੇਕਰ ਇਨ੍ਹਾਂ ਤੇ ਕੁੱਤੇ ਹਮਲਾ ਕਰਨ ਤਾਂ ਇਹ ਆਪਣੀਆਂ ਮਜ਼ਬੂਤ ਪਿਛਲੀਆਂ ਲੱਤਾਂ ਤੇ ਤੇਜ਼-ਤਿੱਖੇ ਪੰਜਿਆਂ ਨਾਲ ਆਪਣੀ ਰੱਖਿਆ ਕਰਦੇ ਹਨ।

ਕੰਗਾਰੂ-ਮਾਦਾ ਦੇ ਸ਼ਰੀਰ ਹੇਠਾਂ ਇਕ ਪ੍ਰਕਾਰ ਦੀ ਥੈਲੀ ਲਮਕਦੀ ਹੁੰਦੀ ਹੈ। ਉਸ 'ਚ ਇਹ ਬੱਚਿਆਂ ਨੂੰ ਉਦੋਂ ਤਕ ਰਖਦੀ ਹੈ ਜਦੋਂ ਤਕ ਉਹ ਇੰਨੇ ਵੱਡੇ ਨਾ ਹੋ ਜਾਣ ਕਿ ਆਪਣੀ ਵੇਖਭਾਲ ਆਪ ਕਰ ਸਕਣ। ਬੱਚਿਆਂ ਨੂੰ ਕਈ ਵਾਰ ਥੈਲੀ 'ਚੋਂ ਸਿਰ ਬਾਹਰ ਕਢਦੇ ਤੇ ਘਾਹ ਨੂੰ ਮੂੰਹ ਮਾਰਦੇ ਵੇਖਿਆ ਗਿਆ ਹੈ ਜਦੋਂ ਇਨ੍ਹਾਂ ਦੀਆਂ ਮਾਂਵਾਂ ਚਲ-ਫਿਰ ਰਹੀਆਂ ਹੋਣ। ਇਹ ਥੈਲੀ ਨੂੰ ਛਡ ਦੇਣ ਪਿਛੋਂ ਵੀ ਖਤਰਾ ਮਹਿਸੂਸ ਹੋਣ ਤੇ ਅਕਸਰ ਥੈਲੀ ਵਿਚ ਆ ਵੜਦੇ ਹਨ।



ਜਦੋਂ ਇਹ ਦੌੜ ਰਿਹਾ ਹੋਵੇ ਤਾਂ ਵਾਰ ਵਾਰ ਮੁੜ ਕੇ ਵੇਖਣ ਦੀ ਇਹਦੀ ਉਤਸੁਕ ਆਦਤ ਹੈ। ਇਸੇ ਕਾਰਨ ਇਹ ਕਈ ਵਾਰੀ ਦਰੱਖਤਾਂ ਨਾਲ ਟਕਰਾ ਜਾਂਦਾ ਹੈ। ਫੜੇ ਜਾਣ ਤੇ ਕੰਗਾਰੂ ਨੂੰ ਸੌਖ ਨਾਲ ਪਾਲਿਆ ਜਾ ਸਕਦਾ ਹੈ ਤੇ ਮਜ਼ਬੂਤ ਜਾਨਵਰ ਹੋਣ ਕਾਰਨ ਇਹ ਚਿੜੀਆਘਰਾਂ ਵਿਚ ਵਧਦੇ-ਫੁਲਦੇ ਹਨ।

ਕੰਗਾਰੂ ਦੀਆਂ ਕਈ ਕਿਸਮਾਂ ਹਨ—ਬਿਰਛ-ਕੰਗਾਰੂ, ਚੱਟਾਨ-ਕੰਗਾਰੂ, ਨਿੱਕਾ ਜਰਬੂਆ (ਸਹੇ ਵਰਗਾ) ਕੰਗਾਰੂ (ਖਰਗੋਸ਼) ਦੇ ਕਦ ਜਿੰਨਾ) ਤੇ ਕੰਗਾਰੂ-ਚੂਹਾ।

ਚੀਤਾ

ਆਖਿਆ ਜਾਂਦਾ ਹੈ ਕਿ ਸ਼ੇਰ ਦੀ ਮਾਸੀ ਬਿੱਲੀ ਹੈ ਤੇ ਉਹਨੇ ਸ਼ੇਰ ਨੂੰ ਦਰੱਖਤਾਂ ਤੇ ਚੜ੍ਹਨ ਤੋਂ ਬਿਨਾਂ ਸਭ ਕੁਝ ਸਿਖਾਇਆ ਹੈ। ਚੀਤਾ ਵੀ ਬਿੱਲੀ ਪਰਵਾਰ ਨਾਲ ਸੰਬੰਧ ਰਖਦਾ ਹੈ ਤੇ ਚੀਤੇ ਨੇ ਦਰੱਖਤਾਂ ਤੇ ਚੜ੍ਹਨਾ ਸਿਖਣ 'ਚ ਰਤਾ ਵੀ ਢਿੱਲ-ਮੱਠ ਨਹੀਂ ਕੀਤੀ। ਦਰੱਖਤਾਂ ਤੇ ਚੜ੍ਹਨ ਦੀ ਯੋਗਤਾ ਨੇ ਚੀਤੇ ਨੂੰ ਬੰਦਰਾਂ ਲਈ ਖਤਰਨਾਕ ਬਣਾ ਦਿਤਾ ਹੈ। ਇਹਦੀ ਖੁਰਾਕ ਵਧੇਰੇ ਬੰਦਰ ਤੇ ਕੁੱਤੇ ਹੈ ਪਰ ਜਦੋਂ ਮੌਕਾ ਲਗੇ, ਤਾਂ ਇਹ ਬਕਰੀ ਵੀ ਖਾ ਲੈਂਦਾ ਹੈ।

ਭਾਰਤ ਵਿਚ ਬਹੁਤ ਥੋੜ੍ਹੇ ਸ਼ੇਰ ਬੱਚੇ ਹਨ, ਪਰ ਹਾਲੇ ਬਹੁਤ ਸਾਰੇ ਚੀਤੇ ਇਥੇ ਮੌਜੂਦ ਹਨ। ਇਹ ਬਹੁਤ ਹੁਸ਼ਿਆਰ ਤੇ ਚਤੁਰ ਜਾਨਵਰ ਹਨ ਜਿਹੜੇ ਆਪਣੇ ਆਪ ਨੂੰ ਲੁਕਾਉਣ ਦੀ ਕਲਾ ਵਿਚ ਮਾਹਰ ਹਨ।



ਇਹ ਮੈਦਾਨਾਂ ਤੇ ਪਹਾੜਾਂ ਦੋਵੇਂ ਥਾਵਾਂ ਤੇ ਰਹਿ ਸਕਦੇ ਹਨ। ਸ਼ੇਰ ਲੰਬੀ ਘਾਹ ਪਸੰਦ ਕਰਦਾ ਹੈ, ਜਿਹਦਾ ਮਤਲਬ ਹੈ ਖੁਲ੍ਹੇ ਮੈਦਾਨ ਵਿਚ ਅਕਸਰ ਆਉਣਾ। ਪਰ ਚੀਤਾ ਸੰਘਣਾ ਜੰਗਲ ਪਸੰਦ ਕਰਦਾ ਹੈ। ਜਦੋਂ ਇਹ ਹਰੇ-ਭਰੇ ਦਰੱਖਤ 'ਚ ਲੁਕਿਆ ਹੋਵੇ ਤਾਂ ਇਹਦੇ ਸਰੀਰ ਦੇ ਧੱਬੇ ਉਹਨੂੰ ਲਭਣਾ ਔਖੇ ਬਣਾ ਦਿੰਦੇ ਹਨ।

ਕੁਝ ਲੋਕਾਂ ਦਾ ਵਿਚਾਰ ਹੈ ਕਿ ਚੀਤਾ ਤੇ ਬਾਘ ਦੋ ਵਖਰੇ-ਵਖਰੇ ਜਾਨਵਰ ਹਨ, ਪਰ ਇਹ ਇਕੋ ਹੀ ਜਾਨਵਰ ਦੇ ਦੋ ਵੱਖ-

ਵੱਖ ਨਾਂ ਹਨ। ਚੀਤੇ ਦੇ ਵਾਲ ਭੂਰੇ-ਪੀਲੇ ਤੇ ਸੁੰਦਰ ਕਾਲੇ ਧੱਬਿਆਂ ਵਾਲੇ ਹੁੰਦੇ ਹਨ, ਪਰ ਕਈ ਵਾਰ ਕਿਸੇ ਬੰਦੇ ਦਾ ਬਿਲਕੁਲ ਕਾਲੇ ਚੀਤੇ ਨਾਲ ਵੀ ਵਾਹ ਪੈ ਜਾਂਦਾ ਹੈ। ਭਾਰਤੀ ਤੇ ਅਫਰੀਕੀ ਚੀਤਿਆਂ ਤੋਂ ਇਲਾਵਾ ਕਈ ਹੋਰ ਕਿਸਮਾਂ ਦੇ ਚੀਤੇ ਵੀ ਹੁੰਦੇ ਹਨ—ਦੱਖਣੀ ਅਮਰੀਕਾ ਦਾ ਚੀਤਾ, ਏਸ਼ੀਆ ਦਾ ਲੰਬੇ ਵਾਲਾਂ ਵਾਲਾ ਚੀਤਾ, ਅਮਰੀਕਾ ਦਾ ਤੇਂਦੂਆ, ਅਮਰੀਕਾ ਦੇ ਗਰਮ-ਖੰਡ ਦਾ ਚੀਤਾ, ਤੇ ਇੰਡੋਨੇਸ਼ੀਆ ਦਾ ਚੀਤਾ। ਅੰਤਮ ਪ੍ਰਕਾਰ ਦਾ ਚੀਤੇ ਨੂੰ ਦਲਦਲੀ ਚੀਤਾ ਜਾਂ ਕਛੂਏ-ਖੱਲੀ ਸ਼ੇਰ ਵੀ ਆਖਦੇ ਹਨ ਕਿਉਂਕਿ ਉਹਦੇ ਸ਼ਰੀਰ ਤੇ ਚੀਤੇ ਵਾਂਗ ਧੱਬੇ ਤੇ ਸ਼ੇਰ ਵਾਂਗ ਧਾਰੀਆਂ ਵੀ ਹੁੰਦੀਆਂ ਹਨ।

ਪ੍ਰਸਿੱਧ ਚੀਤਾ ਜਾਂ ਭਾਰਤ ਦਾ ਸ਼ਿਕਾਰੀ ਚੀਤਾ ਹੁਣ ਦੁਰਲੱਭ ਹੈ।



ਬੱਬਰ ਸ਼ੇਰ

ਚੀਤਾ ਦਰੱਖਤ ਤੇ ਚੰਗੀ ਤਰ੍ਹਾਂ ਚੜ੍ਹ ਸਕਦਾ ਹੈ। ਸ਼ੇਰ ਬੜੀ ਔਖਿਆਈ ਨਾਲ ਤੇ ਬੱਬਰ ਸ਼ੇਰ ਬਿਲਕੁਲ ਨਹੀਂ ਚੜ੍ਹ ਸਕਦਾ, ਪਰ ਇਹਨੂੰ ਇਸ ਯੋਗਤਾ ਦੀ ਉੱਕਾ ਲੋੜ ਨਹੀਂ। ਇਹ ਇੰਨਾ ਤਾਕਤਵਰ ਤੇ ਤਗੜਾ ਹੈ ਕਿ ਇਹ ਆਪਣੇ ਪੰਜੇ ਦੇ ਇਕੋ ਧੱਕੇ ਨਾਲ ਮੱਝ ਨੂੰ ਮਾਰ ਸਕਦਾ ਹੈ। ਸ਼ਾਇਦ ਤੁਸਾਂ ਬੱਬਰ ਸ਼ੇਰ ਨੂੰ ਹੌਲੀ ਜਿਹੀ ਆਪਣਾ ਪੰਜਾ ਹਿਲਾਂਦੇ ਵੇਖਿਆ ਹੋਵੇਗਾ। ਇਹਦਾ ਹੌਲਾ-ਜਿਹਾ ਪੰਜਾ ਲਗਣ ਤੇ ਹੀ ਇਹਦੀ ਸਾਥਣ ਬੱਬਰ ਸ਼ੇਰਨੀ ਜ਼ਮੀਨ ਤੇ ਲੇਟਣ ਲਗ ਜਾਂਦੀ ਹੈ ਭਾਵੇਂ ਕਿ ਸ਼ੇਰਨੀ ਦਾ ਵਜ਼ਨ ਉਸ ਨਾਲੋਂ ਥੋੜ੍ਹਾ ਜਿਹਾ ਹੀ ਘਟ ਹੁੰਦਾ ਹੈ।


ਜੇਕਰ ਤੁਸੀਂ ਚਿੜੀਆਘਰ ਦੇ ਨੇੜੇ ਰਹਿੰਦੇ ਹੋ ਤਾਂ ਤੁਸਾਂ ਰਾਤ ਤੇ ਕਈ ਵਾਰ ਦਿਨ ਵੇਲੇ ਵੀ ਬੱਬਰ ਸ਼ੇਰ ਨੂੰ ਭਬਕ ਮਾਰਦੇ ਸੁਣਿਆ ਹੋਵੇਗਾ। ਬੱਬਰ ਸ਼ੇਰ ਅਕਸਰ ਸ਼ੇਰਾਂ ਨਾਲੋਂ ਵਧ ਗਰਜਦੇ ਹਨ। ਜਦ ਤਕ ਤੁਸੀਂ ਗੁਜਰਾਤ ਦੇ ਗਿਰ ਜੰਗਲ ਦੇ ਨੇੜੇ ਨਹੀਂ ਰਹਿੰਦੇ, ਤਦ ਤਕ ਤੁਸੀਂ ਜੰਗਲੀ ਬੱਬਰ ਸ਼ੇਰ ਨੂੰ ਨਹੀਂ ਵੇਖ ਸਕਦੇ ਕਿਉਂਕਿ ਇਹ ਮਹਾਨ ਜਾਨਵਰ ਭਾਰਤ ਵਿਚ ਲਗ-ਭਗ ਦੁਰਲੱਭ ਹੋ ਗਿਆ ਹੈ। ਪਹਿਲਾਂ ਉੱਤਰੀ ਤੇ ਮੱਧ ਭਾਰਤ ਵਿਚ ਬੱਬਰ ਸ਼ੇਰ ਆਮ ਮਿਲਦੇ ਸਨ, ਪਰ ਇਹ ਢੋਰ-ਡੰਗਰਾਂ ਦਾ ਇੰਨਾ ਨੁਕਸਾਨ ਕਰਦੇ ਸਨ ਕਿ ਇਨ੍ਹਾਂ ਨੂੰ ਸ਼ਿਕਾਰ ਕਰ ਕੇ ਮਾਰਿਆ ਜਾਂਦਾ ਸੀ ਭਾਵੇਂ ਕਿ ਇਹ ਬਹੁਤ ਔਖਾ ਕੰਮ ਨਹੀਂ ਸੀ ਕਿਉਂਕਿ ਬੱਬਰ ਸ਼ੇਰ ਸੰਘਣੇ ਜੰਗਲ ਖੁਲ੍ਹੇ ਮੈਦਾਨ ਵਧੇਰੇ ਪਸੰਦ ਕਰਦੇ ਹਨ। ਅਫਰੀਕਾ ਵਿਚ ਹੁਣ ਵੀ ਬੱਬਰ ਸ਼ੇਰ ਰਾਜ ਕਰਦੇ ਹਨ।

ਜਦੋਂ ਨਰ ਬੱਬਰ ਸ਼ੇਰ ਪੂਰਾ ਬਾਲਗ ਹੋਵੇ ਤਾਂ ਇਹਦੇ ਵਾਲ ਸੰਘਣੇ ਤੇ ਰੁਖੇ ਹੁੰਦੇ ਹਨ ਜਿਹੜੇ ਧੌਣ, ਮੋਢਿਆਂ ਤੇ ਠੋਡੀ ਤਕ ਫੈਲੇ ਹੁੰਦੇ ਹਨ। ਬੱਬਰ ਸ਼ੇਰਨੀ ਦੀ ਧੌਣ ਤੇ ਵਾਲ ਨਹੀਂ ਹੁੰਦੇ ਤੇ ਨਰ ਬੱਬਰ ਸ਼ੇਰ ਦੀ ਧੌਣ ਤੇ ਵਾਲ ਤਦ ਤਕ ਨਹੀਂ ਉਗਦੇ ਜਦ ਤਕ ਇਹਦੀ ਉਮਰ ਤਿੰਨ ਸਾਲ ਨਾ ਹੋ ਜਾਵੇ।

ਬੱਬਰ ਸ਼ੇਰ ਜੰਗਲੀ ਹਾਲਤ ਵਿਚ ਇੰਨਾ ਖੂੰਖਾਰ ਤੇ ਨਿਰਦਈ ਹੁੰਦਾ ਹੈ ਕਿ ਕਈਆਂ ਲੋਕਾਂ ਦਾ ਵਿਚਾਰ ਹੈ ਕਿ ਇਹਦੇ ਪਿੰਜਰੇ ਵਿਚ ਜਾਣ ਲਈ ਬੜੀ ਹਿੰਮਤ ਤੇ ਦਲੇਰੀ ਦੀ ਲੋੜ ਹੈ, ਪਰ ਬੱਬਰ ਸ਼ੇਰ ਸੌਖ ਨਾਲ ਪਾਲਿਆ ਜਾ ਸਕਦਾ ਹੈ ਤੇ ਥੋੜ੍ਹੇ ਜਿਹੇ ਕਸ਼ਟ ਨਾਲ ਇਹਨੂੰ ਸਿਧਾਇਆ ਜਾ ਸਕਦਾ ਹੈ।

ਕਈ ਬੱਬਰ ਸ਼ੇਰਾਂ ਨੇ ਮਨੁੱਖ ਲਈ ਸਨੇਹ ਵਿਖਾਇਆ ਹੈ। ਪੈਰਸ ਦੇ ਚਿੜੀਆਘਰ ਦੇ ਦੋ ਬੱਬਰ ਸ਼ੇਰ ਆਪਣੇ ਰਖਵਾਲੇ ਨਾਲ ਇੰਨਾ ਪਿਆਰ ਕਰਨ ਲਗੇ ਸਨ ਕਿ ਜਦੋਂ ਉਹ ਬੀਮਾਰ ਪੈ ਗਿਆ ਤਾਂ ਉਨ੍ਹਾਂ ਬਹੁਤ ਅਫਸੋਸ ਜ਼ਾਹਿਰ ਕੀਤਾ ਅਤੇ ਜਦੋਂ ਉਹ ਠੀਕ ਹੋ ਗਿਆ ਤੇ ਉਨ੍ਹਾਂ ਕੋਲ ਵਾਪਸ ਆਇਆ ਤਾਂ ਉਹ ਖੁਸ਼ੀ ਨਾਲ ਭਬਕਾਂ ਮਾਰਦੇ ਉਹਨੂੰ ਮਿਲਣ ਲਈ ਦੌੜੇ ਆਏ ਤੇ ਉਹਦੇ ਹੱਥ-ਪੈਰ ਚੱਟਣ ਲਗੇ।







ਮੇਕਾਵ
(ਦੱਖਣੀ ਅਮ੍ਰੀਕਾ ਦਾ ਤੋਤਾ)

ਮੇਕਾਵ ਤੋਤੇ ਵਧੇਰੇ ਦੱਖਣੀ ਅਮਰੀਕਾ ਦੇ ਵਾਸੀ ਹਨ ਜਿੱਥੇ ਬਹੁਤ ਸਾਰੇ ਸ਼ਾਨਦਾਰ ਪੰਛੀਆਂ ਦੇ ਘਰ ਹਨ। ਇਹ ਇੰਨੇ ਰੰਗਦਾਰ ਤੇ ਸ਼ੋਖ ਹੁੰਦੇ ਹਨ ਕਿ ਕੋਈ ਵੀ ਚਿੜੀਆਘਰ ਇਨ੍ਹਾਂ ਤੋਂ ਵਾਂਝਿਆ ਰਹਿਣਾ ਨਹੀਂ ਚਾਹੁੰਦਾ।

ਇਹ ਆਪਣੇ ਮਹੱਤਵਪੂਰਣ ਕੱਦ, ਬਹੁਤ ਲੰਬੀਆਂ ਪੂਛਾਂ ਤੇ ਵਖ ਵਖਰੇ ਸੁੰਦਰ ਰੰਗਾਂ ਲਈ ਪ੍ਰਸਿੱਧ ਹਨ। ਜੇਕਰ ਕੋਈ ਮੇਕਾਵ ਤੋਤਾ ਕਿਧਰੇ ਨੇੜੇ-ਤੇੜੇ ਹੋਵੇ ਤਾਂ ਤੁਸੀਂ ਇਹਨੂੰ ਵੇਖਣ ਲਈ ਮਜਬੂਰ ਹੋ ਜਾਵੋਗੇ। ਇਹਦਾ ਸ਼ਰੀਰ ਗੂੜ੍ਹੇ ਲਾਲ ਰੰਗ ਦਾ ਹੁੰਦਾ ਹੈ ਅਤੇ ਇਹਦੇ ਖੰਭ ਤੇ ਪੂਛ ਲਾਲ, ਪੀਲੇ, ਨੀਲੇ ਤੇ ਹਰੇ ਰੰਗਾਂ ਦੀ ਹੁੰਦੀ ਹੈ। ਇਹ ਸਾਰੇ ਸ਼ਾਨਦਾਰ ਰੰਗ ਮਿਲ ਕੇ ਇਹਨੂੰ ਤੋਤਿਆਂ ਦੇ ਸੰਸਾਰ ਦਾ ਸਮਰਾਟ ਬਣਾਦੇ ਹਨ।

ਤੋਤਿਆਂ ਦੀਆਂ ਬਹੁਤ ਲੋਕਪ੍ਰਿਯ ਕਿਸਮਾਂ ਨੀਲੇ ਤੇ ਪੀਲੇ ਤੋਤੇ ਲਾਲ ਤੇ ਨੀਲੇ ਤੋਤੇ ਹਨ। ਇਕ ਤੋਤੇ ਦੀ ਕੁਲ ਲੰਬਾਈ ਚਾਲ੍ਹੀ ਇੰਚ ਹੁੰਦੀ ਹੈ ਜਿਸ ਵਿਚ ਪੂਛ ਲਗਭਗ ਦੋ ਫੁਟ ਲੰਬੀ ਹੁੰਦੀ ਹੈ। ਤੋਤਿਆਂ ਦੇ ਪਰਵਾਰ ਦੇ ਕਈ ਜੀਵ ਹਰੇ ਹੁੰਦੇ ਹਨ ਤਾ ਜੋ ਉਹ ਜੰਗਲ ਵਿਚ ਆਸਾਨੀ ਨਾਲ ਲੁੱਕ ਸਕਣ। ਤੋਤਿਆਂ ਨੂੰ ਸੁਰੱਖਿਅਤ ਰੰਗ ਦੀ ਕੋਈ ਲੋੜ ਨਹੀਂ ਜਾਪਦੀ ਕਿਉਂਕਿ ਉਹ ਬਹੁਤ ਉੱਚੀ ਉਚਾਈ ਤੇ ਉੱਡਣ ਦੀ ਸਮਰਥਾ ਰਖਦੇ ਹਨ ਤੇ ਉਹ ਅਕਸਰ ਉੱਚੇ ਦਰੱਖ਼ਤਾ ਦੀਆਂ ਚੋਟੀਆਂ ਤੇ ਆਲ੍ਹਣਾ ਬਣਾਦੇ ਹਨ।

ਬਣਮਾਨਸ

ਲੰਗੂਰ ਪਰਵਾਰ ਨਾਲ ਸੰਬੰਧਤ ਬੰਦਰਾਂ ਦੀਆਂ ਕਈ ਕਿਸਮਾਂ ਹਨ, ਪਰ ਬਹੁਤ ਹੀ ਭਿਆਨਕ ਸ਼ਕਲ ਬਣਮਾਨਸ ਦੀ ਹੈ ਜਿਹੜਾ ਅਫਰੀਕਾ ਤੋਂ ਚਿੜੀਆਘਰ ਵਿਚ ਆਉਂਦਾ ਹੈ।

ਸਤਰੰਗੀ ਪੀਂਘ ਦੇ ਸਾਰੇ ਰੰਗ ਬਣ-ਮਾਨਸ ਦੀ ਸ਼ਕਲ ਵਿਚ ਮਿਲੇ ਹੋਏ ਜਾਪਦੇ ਹਨ। ਇਹ ਰੰਗ ਉੱਥੇ ਮਿਲਦੇ ਹਨ ਜਿੱਥੇ ਕੋਈ ਵੇਖਣ ਦੀ ਆਸ ਨਹੀਂ ਕਰ ਸਕਦਾ। ਇਹਦਾ ਮੂੰਹ ਗੂੜ੍ਹੇ ਲਾਲ ਰੰਗ ਦਾ ਹੁੰਦਾ ਹੈ। ਇਹਦੇ ਨੱਕ ਦੇ ਦੋਹਾਂ ਪਾਸੇ ਗੂੜ੍ਹੇ ਨੀਲੇ ਧੱਬੇ ਹੁੰਦੇ ਹਨ ਜਦ ਕਿ ਇਹਦਾ ਨੱਕ ਲਾਲ ਸੁਰਖ ਹੁੰਦਾ ਹੈ। ਪੂਛ ਹੇਠਾਂ ਸੰਧੂਰੀ, ਕਿਰਮਚੀ ਤੇ ਬੈਂਗਨੀ ਰੰਗਾਂ ਦੇ
ਧੱਬੇ ਹੁੰਦੇ ਹਨ ਜਿਵੇਂ ਆਧੁ
ਦਾ ਨਮੂਨਾ ਹੋਣ। ਵਾਲਾਂ
ਰੰਗ ਭੂਰਾ ਹੁੰਦਾ ਹੈ ਤੇ ਠੋਡੀ
ਜਿਹੀ ਤਿੱਖੀ ਪੀਲੀ ਦਾੜ੍ਹੀ ਸੱਜੀ
ਕੇਵਲ ਨਰ-ਬਣਮਾਨਸ ਦੇ ਹੀ ਅ
ਤੇ ਸ਼ਾਨਦਰ ਰੰਗ ਹੁੰਦੇ ਹਨ। ਥੂਥ
ਨੀਲੀ ਰੰਗਤ ਤੋਂ ਬਿਨਾਂ ਮਾਦਾ-ਬ
ਮੁਕਾਬਲਤਨ ਸ਼ਕਲ ਵਿਚ ਬਾਦਾ
ਦੀ ਹੁੰਦੀ ਹੈ।

ਇਹ ਆਪਣੇ ਦੇਸ਼ ਅਫਰੀਕਾ
ਆਮ ਜਾਨਵਰ ਹੈ ਕਿਉਂਕਿ
ਚਾਲਾਕੀ ਤੇ ਬੇਪਨਾਹ ਸ਼ਕਤੀ
ਇਹਨੂੰ ਆਸਾਨੀ ਨਾਲ ਨਹੀਂ ਫੜਿ
ਸਕਦਾ। ਕੇਵਲ ਬੱਚਾ-ਬਣਮਾਨ
ਆਮ ਤੌਰ ਤੇ ਪਕੜ ਵਿਚ ਆ ਜਾਂਦੇ
ਤੇ ਇਹ ਆਪਣੇ ਆਪ ਨੂੰ ਚਿੜੀਆਘ
ਜੀਵਨ-ਅਨੁਸਾਰ ਢਾਲ ਲੈਂਦੇ ਹਨ।

ਭਿਅੰਕਰ ਰੂਪ ਹੋਣ ਦੇ ਬਾਵਜੂਦ ਬਣ-ਮਾਨਸ ਦੂਜੇ ਬੰਦਰਾਂ ਵਾਂਗ ਸ਼ਾਕਾਹਾਰੀ ਹੈ ਤੇ ਅਕਸਰ ਸਾਗ-ਸਬਜ਼ੀ ਦੇ ਆਪਣੇ ਖਾਣਿਆਂ ਨੂੰ ਕੁਝ ਕੀੜੀਆਂ ਜਾਂ ਕੰਨਖਜੂਰੇ ਨਾਲ ਸੁਆਦੀ ਬਣਾਂਦਾ ਹੈ।



ਹੁੰਦੇ ਹਨ, ਪਰ ਬਹੁਤ ਲੰਬੇ ਨਹੀਂ ਹੁੰਦੇ ਤੇ ਨਿੱਕੀ ਜਿਹੀ ਪੂਛ ਸ਼ਰੀਰ ਨਾਲ ਚੰਬੜੀ ਰਹਿੰਦੀ ਹੈ। ਇਹ ਖੁਰਾਂ ਦੇ ਭਾਰ ਚਲਦਾ ਹੈ ਤੇ ਆਪਣੀਆਂ ਟੰਗਾਂ ਬਹੁਤ ਹੌਲੀ ਚੁਕਦਾ ਹੈ ਜਿਵੇਂ ਚਲਦੇ ਹੋਏ ਆਵਾਜ਼ ਪੈਦਾ ਹੋਣ ਤੋਂ ਡਰ ਰਿਹਾ ਹੋਵੇ। ਹੌਲੀ ਜਿਹੀ ਆਵਾਜ਼

ਚੂਹਾ-ਹਿਰਨ (ਮਾਤ੍ਰਿਕਾ ਮਿਰਗ)

ਜਿਵੇਂ ਬਿੱਲੀਆਂ ਦੀ ਸ਼ਕਲ ਵਿਚ ਛੋਟੇ ਸ਼ੇਰ ਹੁੰਦੇ ਹਨ, ਇਸੇ ਤਰ੍ਹਾਂ ਛੋਟੇ ਹਿਰਨ ਦੀ ਸ਼ਕਲ ਵਿਚ ਚੂਹਾ-ਹਿਰਨ ਹੁੰਦੇ ਹਨ। ਜੰਗਲ ਵਿਚ ਇਹਨੂੰ ਢੂੰਡਣਾ ਔਖਾ ਹੈ। ਇਸ ਲਈ ਚਿੜੀਆਘਰ ਵਿਚ ਹੀ ਤੁਸੀਂ ਇਹਨੂੰ ਵੇਖ ਸਕਦੇ ਹੋ। ਇਹ ਛੋਟਾ ਪ੍ਰਾਣੀ ਕੇਵਲ ਡੇਢ ਫੁਟ ਲੰਬਾ ਹੁੰਦਾ ਹੈ ਤੇ ਇਹਦੀ ਉਚਾਈ ਛੋਟੇ ਕੁੱਤੇ ਜਿੰਨੀ ਹੁੰਦੀ ਹੈ। ਇਹਦਾ ਮੁਹਾਂਦਰਾ ਹਿਰਨ ਵਰਗਾ ਹੈ, ਪਰ ਸਿੰਗ ਨਹੀਂ ਹੁੰਦੇ। ਉਪਰਲੇ ਜਬਾੜੇ ਦੇ ਦੋਵੇਂ ਪਾਸਿਆਂ ਤੇ ਇਕ ਲੰਬਾ ਦੰਦ ਹੁੰਦਾ ਹੈ ਜਿਵੇਂ ਜੰਗਲੀ ਸੂਰ ਦੇ ਮੂੰਹ ਵਿਚ ਹੁੰਦਾ ਹੈ।

ਇਸ ਹਿਰਨ ਦਾ ਚਿਹਰਾ ਚੂਹੇ ਵਾਂਗਰ ਹੁੰਦਾ ਹੈ ਤੇ ਇਹਦੇ ਛੋਟੇ ਆਕਾਰ ਨਾਲੋਂ ਇਹਦੀ ਕਾਇਰਤਾ ਕਾਰਨ ਇਹਨੂੰ ਚੂਹਾ-ਹਿਰਨ ਆਖਿਆ ਜਾਂਦਾ ਹੈ। ਇਹਦੀਆਂ ਗੂੜ੍ਹੀਆਂ ਭੂਰੀਆਂ ਅੱਖਾਂ ਬਹੁਤ ਵਡੀਆਂ ਹੁੰਦੀਆਂ ਹਨ। ਇਹਦੇ ਕੰਨ ਵੱਡੇ ਸਾਰੇ



ਤੇ ਹੀ ਚੂਹਾ-ਹਿਰਨ ਤੇਜ਼ ਦੌੜਨ ਤੇ ਲੁਕਣ ਲਈ ਤਿਆਰ ਹੋ ਕੇ ਇਕ ਪੈਰ ਤੇ ਖਲੋ ਜਾਂਦਾ ਹੈ। ਇਹ ਸਾਰਾ ਦਿਨ ਚੱਟਾਨਾਂ ਦੀਆਂ ਝੀਥਾਂ ਵਿਚ ਲੁਕਿਆ ਰਹਿੰਦਾ ਹੈ ਤੇ ਸ਼ਾਮ ਨੂੰ ਖੁਰਾਕ ਲਈ ਬਾਹਰ ਨਿਕਲਦਾ ਹੈ। ਇਹ ਇੰਨਾ ਨਿੱਕਾ ਹੁੰਦਾ ਹੈ ਕਿ ਛੋਟਾ ਜਿਹਾ ਸ਼ਿਕਾਰੀ-ਜਾਨਵਰ ਵੀ ਇਹਨੂੰ ਮਾਰ ਸਕਦਾ ਹੈ। ਇਹੀ ਕਾਰਨ ਹੈ ਕਿ ਚੂਹਾ-ਹਿਰਨ ਬਹੁਗਿਣਤੀ ਵਿਚ ਨਹੀਂ ਹਨ, ਪਰ ਇਹ ਆਸਾਨੀ ਨਾਲ ਪਾਲੇ ਜਾ ਸਕਦੇ ਹਨ ਤੇ ਦਿਲ-ਖਿੱਚਵੇਂ ਪਾਲਤੂ ਜਾਨਵਰ ਹੋ ਸਕਦੇ ਹਨ।



ਸ਼ੁਤਰਮੁਰਗ



ਸ਼ੁਤਰਮੁਰਗ ਸੱਭ ਤੋਂ ਵਡਾ ਜ਼ਿੰਦਾ ਪੰਛੀ ਹੈ। ਇਹ ਔਸਤਨ ਆਦਮੀ ਨਾਲੋਂ ਦੋ ਫੁਟ ਲੰਬਾ ਹੁੰਦਾ ਹੈ ਭਾਵੇਂ ਇਹ ਉੱਡ ਨਹੀਂ ਸਕਦਾ, ਪਰ ਇਹਦੀਆਂ ਮਜ਼ਬੂਤ ਲੰਬੀਆਂ ਲੱਤਾਂ ਇਹਨੂੰ ਤੀਹ ਮੀਲ ਪ੍ਰਤੀ ਘੰਟੇ ਦੀ ਰਫਤਾਰ ਨਾਲ ਲੈ ਜਾਂਦੀਆ ਹਨ। ਜਦੋਂ ਇਹ ਆਪਣੇ ਵੈਰੀਆਂ ਤੋਂ ਦੂਰ ਭੱਜ ਨਹੀਂ ਸਕਦਾ ਤਾਂ ਇਹੀ ਲੱਤਾਂ ਇਹਦੀ ਰੱਖਿਆ ਕਰਦੀਆਂ ਹਨ। ਸ਼ੁਤਰਮੁਰਗ ਦੇ ਕੇਵਲ ਦੋ ਪੈਰ ਹੁੰਦੇ ਹਨ। ਸਿਰ, ਧੌਣ ਤੇ ਲੱਤਾਂ ਉਤੇ ਮਾਸ ਉੱਕਾ ਨਹੀਂ ਹੁੰਦਾ।



ਸ਼ੁਤਰਮੁਰਗ ਜ਼ਿਆਦਾਤਰ ਫਲ, ਅੰਨ, ਪੱਤੇ, ਕੂਲੇ ਬੂਟੇ, ਘੋਗੇ ਤੇ ਕੀੜੇ-ਮਕੌੜੇ ਖਾ ਕੇ ਜ਼ਿੰਦਾ ਰਹਿੰਦੇ ਹਨ। ਇਹ ਆਪਣੀ ਖ਼ੁਰਾਕ ਨੂੰ ਚਿੱਥਣ ਲਈ ਪੱਥਰ ਵੀ ਨਿਗਲ ਜਾਂਦੇ ਹਨ ਅਤੇ ਲੋਹੇ ਦੇ ਟੋਟੇ, ਸ਼ੀਸ਼ਾ, ਚਮੜਾ ਤੇ ਹੋਰ ਦੂਜੀਆਂ ਸਖਤ ਚੀਜ਼ਾਂ ਵੀ ਹੜੱਪ ਕਰ ਜਾਂਦੇ ਹਨ। ਅਫਰੀਕਾ ਤੇ ਅਰਬ ਵਿਚ ਸ਼ੁਤਰਮੁਰਗ ਆਮ ਮਿਲਦੇ ਸਨ, ਪਰ ਹੁਣ ਇਹ ਕੇਵਲ ਮੱਧ ਅਫਰੀਕਾ ਜਾਂ ਦੱਖਣੀ ਅਫਰੀਕਾ ਦੇ ਫਾਰਮਾਂ ਵਿਚ ਮਿਲਦੇ ਹਨ ਜਿਥੇ ਇਨ੍ਹਾਂ ਨੂੰ ਇਨ੍ਹਾਂ ਦੇ ਖੰਭਾਂ ਲਈ ਪੈਦਾ ਕੀਤਾ ਜਾਂਦਾ ਹੈ।

ਸ਼ੁਤਰਮੁਰਗ ਦਾ ਅੰਡਾ ਬਹੁਤ ਹੀ ਵੱਡਾ ਹੁੰਦਾ ਹੈ ਤੇ ਕੁੱਕੜੀ ਦੇ ਚੌਵੀ ਅੰਡਿਆਂ ਦੇ ਬਰਾਬਰ ਹੁੰਦਾ ਹੈ। ਅਫਰੀਕਾ ਦੇ ਆਦਿ ਵਾਸੀ ਇਹਦੇ ਖੋਲ ਨੂੰ ਬੇੜੀਆਂ ਲਈ ਵਰਤਦੇ ਹਨ। ਨਰ-ਪੰਛੀ ਅੰਡਿਆਂ ਉਤੇ ਰਾਤ ਨੂੰ ਬਹਿੰਦਾ ਹੈ ਅਤੇ ਮਾਦਾ ਸਵੇਰੇ ਤੇ ਸ਼ਾਮ ਨੂੰ। ਆਲ੍ਹਣਾ ਅਕਸਰ ਦਿਨ ਦੀ ਧੁੱਪ ਤੇ ਗਰਮੀ ਵਿਚ ਨੰਗਾ ਛਡ ਦਿਤਾ ਜਾਂਦਾ ਹੈ। ਮਾਦਾ ਆਪਣੇ ਭੂਰੇ ਖੰਭਾਂ ਕਾਰਨ ਸੁੱਕੀ ਝਾੜੀ ਜਾਪਦੀ ਹੈ। ਇਸ ਲਈ ਇਹਨੂੰ ਭੂਰੇ ਘਾਹ ਦੇ ਮੈਦਾਨ ਵਿਚ ਢੂੰਡਣਾ ਔਖਾ ਹੈ।

ਪਾਣੀ ਵਿਚ ਵੇਖ ਕੇ ਬੜਾ ਆਨੰਦ ਆਉਂਦਾ ਹੈ।

ਜੇਕਰ ਤੁਸੀਂ ਊਦ ਬਿੱਲੇ ਨੂੰ ਤੱਕੋ, ਤੁਸੀਂ ਵੇਖੋਗੇ ਕਿ ਇਹਦਾ ਸ਼ਰੀਰ ਉਹੀ ਜੀਵਨ ਜੀਣ ਲਈ ਬਣਿਆ ਹੈ ਜਿਹੜਾ ਇਹ ਜੀਂਦਾ ਹੈ। ਇਹਦਾ ਸ਼ਰੀਰ ਲੰਬਾ ਹੁੰਦਾ ਹੈ ਤੇ ਇਕੋ ਵੇਲੇ ਚੌੜਾ ਤੇ ਪੱਧਰਾ ਵੀ। ਇਸੇ ਲਈ ਇਹ ਬਹੁਤ ਲਚਕਦਾਰ ਹੈ। ਇਹਦੀ ਲਗਭਗ ਇਕ ਫੁੱਟ ਲੰਬੀ-ਪੱਧਰੀ ਪੂਛ ਹੁੰਦੀ ਹੈ। ਇਹਦੇ ਬਹੁਤ ਛੋਟੇ ਕੰਨ ਅਤੇ ਛੋਟੀਆਂ ਤੇ ਮਜ਼ਬੂਤ ਲੱਤਾਂ ਹੁੰਦੀਆਂ ਹਨ। ਇਹਦੇ ਪੈਰ ਦੇ ਪੰਜੇ ਤੇਜ਼ ਹੁੰਦੇ ਹਨ। ਪੈਰਾਂ ਵਿਚ ਚਮੜੇ ਦਾ ਪਰਦਾ ਹੁੰਦਾ ਹੈ ਜਿਸ ਨਾਲ ਬੱਤਖ਼ ਦੇ ਪੈਰ ਵਾਂਗ ਝਿੱਲੀ ਜਿਹੀ ਬਣਦੀ ਹੈ। ਇਹ ਝਿੱਲੀਦਾਰ ਪੈਰ ਬੇੜੀ ਦੇ ਚੱਪੂਆਂ ਵਾਂਗ ਕੰਮ ਕਰਦੇ ਹਨ ਅਤੇ ਬੱਤਖ਼ ਤੇ ਊਦ-ਬਿੱਲੇ ਨੂੰ ਪਾਣੀ ਵਿਚ ਤੈਰਨ ਵਿਚ ਮਦਦ ਕਰਦੇ ਹਨ।

ਊਦ-ਬਿੱਲੇ ਦੀ ਵਿਲੱਖਣਤਾ ਇਹ ਹੈ ਕਿ ਉਹ ਜਦੋਂ ਚਾਹੇ ਆਪਣੀਆਂ ਨਾਸਾਂ ਤੇ ਕੰਨਾਂ ਦੇ ਸੁਰਾਖ਼ ਬੰਦ ਕਰ ਸਕਦਾ ਹੈ। ਇਸ ਵਿਸ਼ੇਸ਼ਤਾ ਕਾਰਨ ਇਹ ਪਾਣੀ ਹੇਠਾਂ ਕੁਝ ਸਮੇਂ ਲਈ ਠਹਿਰ ਸਕਦਾ ਹੈ। ਇਹ ਲਾਭਦਾਇਕ ਗੁਣ ਇਹਨੂੰ ਮੱਛੀਆਂ ਫੜਨ ਲਈ ਬੜਾ ਕੰਮ ਦਿੰਦਾ ਹੈ।

ਊਦ-ਬਿੱਲੇ ਆਮ ਤੌਰ ਤੇ ਪੰਜ ਜਾਂ ਛੇ ਜਣਿਆਂ ਦੀਆਂ ਟੋਲੀਆਂ ਵਿਚ ਜਾਂਦੇ ਹਨ- ਪਿਤਾ, ਮਾਂ ਤੇ ਛੋਟੇ ਬੱਚੇ। ਜਦੋਂ ਇਹ ਮੱਛੀਆਂ ਨਾ ਫੜ ਰਹੇ ਹੋਣ ਜਾਂ ਖੇਡ ਨਾ ਰਹੇ ਹੋਣ ਤਾਂ ਇਹ ਘੁਰਨਿਆਂ ਵਿਚ ਰਹਿੰਦੇ

ਊਦ-ਬਿੱਲਾ

ਊਦ-ਬਿੱਲੇ ਲਗਭਗ ਦੁਨੀਆਂ ਦੇ ਸਾਰੇ ਭਾਗਾਂ ਵਿਚ ਮਿਲਦੇ ਹਨ। ਇਹ ਪ੍ਰਮੁਖ ਰੂਪ ਵਿਚ ਮੱਛੀਆਂ ਖਾਂਦੇ ਹਨ। ਇਹ ਬਹੁਤ ਸੁੰਦਰ ਤੈਰਾਕ ਹਨ ਤੇ ਇਨ੍ਹਾਂ ਨੂੰ



ਹਨ । ਇਹ ਸ਼ੋਰ-ਸ਼ਰਾਬਾ ਕਰਨ ਵਾਲੇ ਖਿਡਾਰੂ ਜਾਨਵਰ ਹਨ ਜਿਹੜੇ ਪਹਾੜੀ ਤੋਂ ਹੇਠਾਂ ਰਿੜ੍ਹਨ ਤੇ ਆਨੰਦ ਲੈਂਦੇ ਹਨ ਅਤੇ ਇਨ੍ਹਾਂ ਨੂੰ ਇਕ ਦੂਜੇ ਪਿੱਛੇ ਮਿੱਟੀ ਜਾਂ ਬਰਫ ਦੀ ਪਹਾੜੀ ਤੋਂ ਰਿੜ੍ਹਦੇ ਵੇਖਿਆ ਜਾ ਸਕਦਾ ਹੈ । ਊਦ-ਬਿੱਲੇ ਖਾਸ ਕਰ ਕੇ ਰਾਤ ਨੂੰ ਮੱਛੀਆਂ ਫੜਦੇ ਹਨ ਤੇ ਆਮ ਤੌਰ ਤੇ ਬਹੁਤ ਸਾਰੇ ਇਕੱਠੇ ਹੋ ਕੇ ਮੱਛੀਆਂ ਨੂੰ ਇਕ-ਦੂਜੇ ਵਲ ਧੱਕਦੇ ਹਨ ।

ਭਾਰਤ ਦੇ ਕੁਝ ਭਾਗਾਂ ਵਿਚ ਮਛੇਰਿਆਂ ਦੀ ਮਦਦ ਕਰਨ ਲਈ ਊਦ-ਬਿੱਲੇ ਰਖੇ ਜਾਂਦੇ ਹਨ । ਜੇ ਇਨ੍ਹਾਂ ਨੂੰ ਛੋਟੇ ਹੁੰਦਿਆਂ ਨੂੰ ਹੀ ਫੜਿਆ ਜਾਵੇ ਤਾਂ ਆਸਾਨੀ ਨਾਲ ਪਾਲਿਆ ਜਾ ਸਕਦਾ ਹੈ । ਉਦੋਂ ਇਹ ਕੁੱਤੇ



ਵਾਂਗ ਹੀ ਆਪਣੇ ਮਾਲਕ ਦਾ ਕਹਿਣਾ ਮੰਨਦੇ ਹਨ । ਮਛੇਰੇ ਪਾਲਤੂ ਊਦ-ਬਿੱਲਿਆਂ ਨੂੰ ਆਪਣੇ ਜਾਲ ਵਲ ਮੱਛੀਆਂ ਲਿਆਉਣ ਲਈ ਵਰਤਦੇ ਹਨ ।

ਅਮਰੀਕਾ ਦੇ ਉੱਤਰੀ ਪ੍ਰਸ਼ਾਂਤ ਸਮੁੰਦਰੀ ਕੰਢੇ ਉਤੇ ਸਮੁੰਦਰੀ ਊਦ-ਬਿੱਲੇ ਵੀ ਹੁੰਦੇ ਹਨ, ਪਰ ਜਿਨ੍ਹਾਂ ਊਦ-ਬਿੱਲਿਆਂ ਨੂੰ ਅਸੀਂ ਜਾਣਦੇ ਹਾਂ, ਇਹ ਤਾਜ਼ੇ ਪਾਣੀ ਦੇ ਜਾਨਵਰ ਹਨ ਜਿਹੜੇ ਦਰਿਆਵਾਂ ਤੇ ਝੀਲਾਂ ਵਿਚ ਰਹਿੰਦੇ ਹਨ । ਊਦ-ਬਿੱਲੇ ਦੇ ਵਾਲ ਸੰਘਣੇ ਤੇ ਸੁੰਦਰ ਹੁੰਦੇ ਹਨ । ਗਰਮੀਆਂ ਵਿਚ ਇਹ ਬਿਲਕੁਲ ਕਾਲੇ ਹੁੰਦੇ ਹਨ, ਪਰ ਸਰਦੀਆਂ ਵਿਚ ਇਹ ਸੁੰਦਰ ਲਾਲ-ਭੂਰੇ ਰੰਗ ਵਿਚ ਬਦਲ ਜਾਂਦੇ ਹਨ ।





ਗੈਂਡਾ

ਹਾਲਾਂਕਿ ਕਈ ਪ੍ਰਕਾਰ ਦੇ ਗੈਂਡੇ ਹਾਲੇ ਵੀ ਧਰਤੀ ਤੇ ਵਸ ਰਹੇ ਹਨ, ਪਰ ਇਹ ਇਕ ਹੋਰ ਜਾਨਵਰ ਹੈ ਜਿਹੜਾ ਹੌਲੀ-ਹੌਲੀ ਮਨੁੱਖ ਦੇ ਲੋਭ ਕਾਰਨ ਦੁਰਲੱਭ ਹੁੰਦਾ ਜਾ ਰਿਹਾ ਹੈ। ਅਫਰੀਕੀ ਹਾਥੀ ਦਾ ਹਾਥੀਦੰਦ, ਏਸ਼ਿਆਈ ਸ਼ੇਰ ਦੀ ਖੱਲ ਤੇ ਗੈਂਡੇ ਦੇ ਸਿੰਗਾਂ ਦੇ ਭਾਰੀ ਮੁੱਲ ਨੇ ਇਨ੍ਹਾਂ ਜਾਨਵਰਾਂ ਨੂੰ ਸਖਤ ਖਤਰੇ ਵਿਚ ਪਾ ਦਿਤਾ ਹੈ। ਚਿੜੀਆਘਰ ਗੈਂਡੇ ਲਈ ਅੰਤਮ ਸ਼ਰਣ-ਥਾਂ ਹੈ।

ਅੰਗਰੇਜ਼ੀ ਸ਼ਬਦ "ਰਾਇਨਾਸਿਰੋਸ" (ਗੈਂਡਾ) ਯੂਨਾਨੀ ਭਾਸ਼ਾ ਤੋਂ ਲਿਆ ਗਿਆ ਹੈ ਜਿਹਦਾ ਅਰਥ ਹੈ—ਨੱਕ-ਸਿੰਗ ਤੇ ਇਸ ਜਾਨਵਰ ਨੂੰ ਇਸੇ ਲਈ ਇਹ ਨਾਂ ਦਿਤਾ ਗਿਆ ਹੈ ਕਿਉਂਕਿ ਇਹਦਾ ਲੰਬਾ ਸਿੰਗ ਨੱਕ ਦੇ ਸਿਰੇ ਤੋਂ ਉਗਦਾ ਹੈ। ਗੈਂਡਾ ਆਪਣੇ ਸਿੰਗ ਆਪਣੀ ਰੱਖਿਆ ਅਤੇ ਝਾੜੀਆਂ ਤੇ ਛੋਟੇ ਦਰੱਖਤ ਪੁਟਣ ਲਈ ਵਰਤਦਾ ਹੈ ਜਿਹਦੇ ਪੱਤੇ ਤੇ ਫਲ ਇਹਦੀ ਖੁਰਾਕ ਹਨ। ਭਾਵੇਂ ਗੈਂਡਾ ਚੰਗੇ ਸੁਭਾ ਦਾ ਜਾਨਵਰ ਹੈ, ਪਰ ਜਦੋਂ ਜ਼ਖਮੀ ਹੋਵੇ ਤਾਂ ਇਹ ਭਿਆਨਕ ਵੈਰੀ ਹੁੰਦਾ ਹੈ ਤੇ ਇਹਦਾ ਸਿੰਗ ਭਾਵੇਂ ਛੋਟਾ ਹੈ, ਪਰ ਜਾਨਲੇਵਾ ਹਥਿਆਰ ਹੈ। ਇਹ ਮੰਨਿਆ ਜਾਂਦਾ ਹੈ ਕਿ ਇਹਦੇ ਸਿੰਗ ਵਿਚ ਕੁਝ ਦਵਾਈਆਂ ਬਣਾਉਣ ਲਈ ਗੁਣ ਵੀ ਹਨ।

ਗੈਂਡੇ ਦੀ ਖੱਲ ਬੜੀ ਮੋਟੀ ਤੇ ਸੰਘਣੀ ਹੁੰਦੀ ਹੈ ਜਿਸ ਤੇ ਗੋਲੀ ਲਗਭਗ ਅਸਰ ਹੀ ਨਹੀਂ ਕਰ ਸਕਦੀ। ਇਹਦੀ ਨਜ਼ਰ ਭਾਵੇਂ ਕਮਜ਼ੋਰ ਹੈ ਤੇ ਇਹ ਸਾਹਮਣਿਉਂ ਆਉਂਦੀਆਂ ਸਿੱਧੀਆਂ ਚੀਜ਼ਾਂ ਨੂੰ ਵੇਖ ਨਹੀਂ ਸਕਦਾ, ਪਰ ਇਹਦੀ ਸੁੰਘਣ ਤੇ ਸੁਣਨ ਦੀਆਂ ਸ਼ਕਤੀਆਂ ਤੇਜ਼ ਹਨ ਤੇ ਇਹਨੂੰ ਆਉਣ ਵਾਲੇ ਖਤਰੇ ਤੋਂ ਜਾਣੂ ਕਰਾ ਦਿੰਦੀਆਂ ਹਨ।

ਇਸ ਭਾਰੀ ਜਾਨਵਰ ਦੀ ਚਮੜੀ ਮੋਢਿਆਂ ਦੇ ਮਗਰਲੇ ਤੇ ਸਾਹਮਣੇ ਹਿੱਸੇ ਤੇ ਪੱਟਾਂ ਦੇ ਸਾਹਮਣਿਉਂ ਭਾਰੀਆਂ ਤਹਿਆਂ ਨਾਲ ਵੱਡੀਆਂ ਵੱਡੀਆਂ ਢਾਲਾਂ ਵਿਚ ਵੰਡੀ ਹੋਈ ਹੈ। ਭੱਦੀ ਸ਼ਕਲ, ਲੰਬਾ ਬੇੜੀ ਵਰਗਾ ਸਿਰ, ਮੋਟੀ ਚਮੜੀ ਤੇ ਭਾਰੀ ਡੀਲ-ਡੌਲ ਕਾਰਨ ਇਹ ਭੂਤਕਾਲ ਦੇ ਕਿਸੇ ਦੈਂਤ ਵਰਗਾ ਵਿਖਾਈ ਦਿੰਦਾ ਹੈ।

ਸ਼ੇਰ

"ਜੇਕਰ ਤੁਹਾਨੂੰ ਸ਼ੇਰ ਮਿਲੇ ਤਾਂ ਉਹਨੂੰ ਚਾਚਾ ਆਖੋ ਤਾਂ ਉਹ ਤੁਹਾਨੂੰ ਲੰਘ ਜਾਣ ਦੇਵੇਗਾ ਤੇ ਕੁਝ ਨਹੀਂ ਆਖੇਗਾ।" ਅਜਿਹੀ ਪੁਰਾਣੀ ਕਹਾਵਤ ਭਾਰਤ ਦੇ ਕਈਆਂ ਭਾਗਾਂ ਵਿਚ ਪ੍ਰਸਿੱਧ ਹੈ, ਪਰ ਇਸ ਸ਼ਾਨਦਾਰ ਤੇ ਭਿਆਨਕ ਚਾਚੇ ਨੂੰ ਮਿਲਣ ਦੇ ਮੌਕੇ ਹਰ ਸਾਲ ਘਟਦੇ ਜਾ ਰਹੇ ਹਨ ਕਿਉਂਕਿ ਸ਼ੇਰਾਂ ਦੀ ਗਿਣਤੀ ਘਟਦੀ ਜਾ ਰਹੀ ਹੈ।

ਜਿਵੇਂ ਕਿ ਬੱਬਰ ਸ਼ੇਰ ਅਫਰੀਕੀ ਜੰਗਲਾਂ ਵਿਚ ਸਰਵ-ਉੱਚ ਹੈ, ਇਸੇ ਤਰ੍ਹਾਂ ਸ਼ੇਰ ਵੀ ਭਾਰਤੀ ਜੰਗਲਾਂ ਦਾ ਰਾਜਾ ਹੈ। ਸ਼ੇਰ ਆਕਾਰ ਤੇ ਸ਼ਕਤੀ ਵਿਚ ਬੱਬਰ ਸ਼ੇਰ ਦੇ ਸਮਾਨ ਹੈ ਅਤੇ ਡੀਲ-ਡੌਲ ਤੇ ਗਤੀ ਦੀ ਖ਼ੂਬਸੂਰਤੀ ਤੇ ਹੁਸਨ ਵਿਚ ਉਸ ਨਾਲੋਂ ਅੱਗੇ ਹੈ।

ਆਮ ਤੌਰ ਤੇ ਸ਼ੇਰ ਦਿਨ ਵੇਲੇ ਖੁਲ੍ਹੇ ਮੈਦਾਨ ਦੀ ਲੰਬੀ ਘਾਹ ਵਿਚ ਲੇਟੇ ਰਹਿੰਦੇ ਹਨ। ਦਿੱਲੀ ਦੇ ਚਿੜੀਆਘਰ ਦੇ ਘਾੜਿਆਂ ਨੇ ਸ਼ੇਰਾਂ ਲਈ ਇਕ ਚੱਟਾਨ ਉਤੇ ਘਾਹ ਟਾਪੂ ਤੇ ਡੁਬਕੀ ਲਾਉਣ ਲਈ ਕਾਫੀ ਪਾਣੀ ਦਾ ਪ੍ਰਬੰਧ ਕੀਤਾ ਹੈ। ਬਿੱਲੀ ਸ਼੍ਰੇਣੀ ਦੇ ਹੋਰ ਜਾਨਵਰਾਂ ਦੇ ਉਲਟ ਸ਼ੇਰ ਪਾਣੀ ਨੂੰ ਪਸੰਦ ਕਰਦੇ ਹਨ ਤੇ ਬਹੁਤ ਚੰਗੇ ਤੈਰਾਕ ਹਨ।

ਸ਼ੇਰ ਭਾਰਤੀ ਜੰਗਲਾਂ ਦਾ ਉਸ ਵੇਲੇ ਤਕ ਰਾਜਾ ਰਵ੍ਹੇਗਾ ਜਦੋਂ ਤਕ ਇੱਥੇ ਜੰਗਲ ਬਾਕੀ ਹਨ ਜਿਨ੍ਹਾਂ ਵਿਚ ਇਹਨੂੰ ਖ਼ੁਰਾਕ ਤੇ ਸ਼ਰਣ ਮਿਲ ਸਕਦੀ ਹੈ। ਪਰ ਜਿਵੇਂ ਜਿਵੇਂ ਮਨੁੱਖੀ ਵਸੋਂ ਵਧਦੀ ਜਾਂਦੀ ਹੈ, ਤਿਵੇਂ ਤਿਵੇਂ ਜੰਗਲ ਅਲੋਪ ਹੁੰਦੇ ਜਾਂਦੇ ਹਨ। ਸ਼ੇਰ ਵਰਗੇ ਜਾਨਵਰ ਬੇਘਰ ਹੁੰਦੇ ਜਾਂਦੇ ਹਨ ਤੇ ਇਨ੍ਹਾਂ ਦਾ ਆਸਾਨੀ ਨਾਲ ਸ਼ਿਕਾਰ ਕੀਤਾ ਜਾਂਦਾ ਹੈ। ਸ਼ੇਰ ਦੀਆਂ ਖੱਲਾਂ ਦਾ ਬਹੁਤਾ ਮੁੱਲ ਵੀ ਇਹਦੀ ਬਹੁਗਿਣਤੀ ਵਿਚ ਸ਼ਿਕਾਰ ਕੀਤੇ ਜਾਣ ਦਾ ਕਾਰਨ ਹੈ। ਹੁਣ ਸ਼ੇਰ ਨੂੰ ਮਾਰਨਾ ਗ਼ੈਰ-ਕਾਨੂੰਨੀ ਹੋ ਗਿਆ ਹੈ। ਇਸ ਲਈ ਆਸ ਹੈ ਕਿ ਇਹ ਸ਼ਾਨਦਾਰ ਜਾਨਵਰ ਸਾਡੇ ਜੰਗਲਾਂ ਵਿਚ ਬਚਿਆ ਰਵ੍ਹੇਗਾ ਤੇ ਜੰਗਲ ਵੀ ਬਚੇ ਰਹਿਣਗੇ।







ਕੱਛੂ ਕੁੰਮਾ ਤੇ ਕਛੂਆ

ਪਹਿਲਾਂ ਇਹ ਦੇਖੀਏ ਕਿ ਕੱਛੂ ਕੁੰਮੇ ਤੇ ਕਛੂਏ ਵਿਚ ਕੀ ਫਰਕ ਹੈ ? ਕੱਛੂ ਕੁੰਮਾ ਧਰਤੀ ਤੇ ਰਹਿੰਦਾ ਹੈ ਤੇ ਕੱਛੂਆ ਪਾਣੀ ਵਿਚ। ਕਛੂਆਂ ਦੀ ਇਕ ਕਿਸਮ ਸਮੁੰਦਰੀ ਜਲ ਵਿਚ ਰਹਿੰਦੀ ਹੈ। ਇਕ ਹੋਰ ਕਿਸਮ ਜਿਹਨੂੰ ਅੰਗਰੇਜ਼ੀ ਵਿਚ 'ਟੈਰਾਪਿੰਨ' ਕਹਿੰਦੇ ਹਨ, ਤਾਜ਼ੇ ਪਾਣੀ ਵਿਚ ਰਹਿੰਦੀ ਹੈ; ਪਰ ਇਸ ਗੱਲ ਤੋਂ ਤੁਸੀਂ ਕਿਤੇ ਉਲਝ ਨਾ ਜਾਓ। ਇਹ ਸਾਰੇ ਰੀਂਗਣ ਵਾਲੇ ਜੰਤੂਆਂ ਦੇ ਪਰਵਾਰ 'ਚੋਂ ਹਨ ਜਿਨ੍ਹਾਂ ਦੇ ਸਰੀਰ ਸਖ਼ਤ ਹੱਡੀ ਵਰਗੇ ਖੋਲ ਵਿਚ ਬੰਦ ਹੁੰਦੇ ਹਨ। ਇਹ ਚਲਣ ਤੇ ਖਾਣ ਲਈ ਆਪਣਾ ਸਿਰ ਤੇ ਲੱਤਾਂ ਉਸ ਖੋਲ ਵਿਚੋਂ ਬਾਹਰ ਕਢ ਲੈਂਦੇ ਹਨ ਤੇ ਸੁਰੱਖਿਆ ਲਈ ਫਿਰ ਉਸ ਖੋਲ ਵਿਚ ਵਾਪਸ ਲੈ ਜਾ ਸਕਦੇ ਹਨ। ਇਹ ਸਾਰੇ ਗਰਮ ਦੇਸ਼ਾਂ ਵਿਚ ਰਹਿੰਦੇ ਹਨ ਤੇ ਮਾਸ ਖਾਂਦੇ ਹਨ ਭਾਵੇਂ ਕਿ ਕਛੂਏ ਪੌਦੇ ਤੇ ਕੀੜੇ-ਮਕੌੜੇ ਵੀ ਖਾ ਲੈਂਦੇ ਹਨ।

ਇਹ ਬਹੁਤ ਉਮਰ ਤਕ ਜੀਂਦੇ ਹਨ। ਇਕ ਵਿਸ਼ਾਲ ਕੱਛੂਕੁੰਮਾ ਹਾਲੇ ਵੀ ਸੇਂਟ ਹਾਲੀਨਾ ਟਾਪੂ ਤੇ ਰਹਿ ਰਿਹਾ ਹੈ। ਆਖਿਆ ਜਾਂਦਾ ਹੈ ਕਿ ਇਹ ਉਥੇ ਉਸ ਵੇਲੇ ਵੀ ਸੀ ਜਦੋਂ ਨੈਪੋਲੀਅਨ ਨੂੰ (1815-1821)



ਉਥੇ ਬਦੀ ਰਖਿਆ ਗਿਆ ਸੀ। ਇਕ ਹੋਰ ਵਿਸ਼ਾਲ ਕੱਛੂ-ਕੁੰਮਾ ਜਿਹੜਾ ਕੁਝ ਵਰ੍ਹੇ ਦੀ ਉਮਰ ਵਿਚ 1766 'ਚ ਮਾਰਿਸ਼ਸ ਲਿਆਂਦਾ ਗਿਆ, 1918 ਵਿਚ 152 ਸਾਲ ਤੋਂ ਵਧ ਉਮਰ ਦਾ ਹੋ ਕੇ ਮਰਿਆ। ਅਨੇਕ ਹੋਰ ਕਛਕੁੰਮਿਆਂ ਨੇ ਜਿਹੜੇ ਚਿੜੀਆਘਰਾਂ ਵਿਚ ਰਖੇ ਗਏ, ਸੌ ਸਾਲ ਤੋਂ ਵਧ ਉਮਰ ਭੋਗੀ।

ਮਾਲਾਪਾਗੋਸ ਟਾਪੂਆਂ ਦੇ ਵਿਸ਼ਾਲ ਕੱਛੂ ਕੁੰਮਿਆਂ ਦਾ ਖੋਲ ਆਮ ਤੌਰ ਤੇ ਚਾਰ ਫੁਟ ਲੰਬਾ ਹੁੰਦਾ ਹੈ ਤੇ ਇਹਦਾ ਵਜ਼ਨ 600 ਪੌਂਡ ਹੁੰਦਾ ਹੈ। ਵਡੇ ਸਮੁੰਦਰੀ ਕਛੂਏ ਇਸ ਤੋਂ ਵੀ ਵਡੇ ਹੁੰਦੇ ਹਨ। ਸਭ ਤੋਂ ਵੱਡਾ ਖੱਲ ਵਾਲਾ ਕਛੂਆ ਲਗਭਗ ਅੱਠ ਫੁਟ ਲੰਬਾ ਤੇ ਲਗਭਗ ਇਕ ਟਨ ਵਜ਼ਨ ਦਾ ਹੁੰਦਾ ਹੈ।

ਕਛੂਏ ਭਾਰਤੀ ਦਰਿਆਵਾਂ ਵਿਚ ਆਮ ਮਿਲਦੇ ਹਨ। ਇਹ ਕਛੂਏ ਲਗਭਗ ਦੋ

ਫੁੱਟ ਲੰਬੇ ਤੇ ਇੰਨੇ ਹੀ ਚੌੜੇ ਹੁੰਦੇ ਹਨ ਪਰ ਇਨ੍ਹਾਂ ਦਾ ਸ਼ਰੀਰ ਰਤਾ ਪਧਰਾ ਹੁੰਦਾ ਹੈ। ਇਹ ਆਪਣੀਆਂ ਨਿੱਕੀਆਂ ਤੇ ਮਜ਼ਬੂਤ ਲੱਤਾਂ ਦੀ ਤਾਕਤਵਰ ਚਾਲ ਨਾਲ ਆਪਣੇ ਆਪ ਨੂੰ ਪਾਣੀ ਵਿਚ ਅੱਗੇ ਵਲ ਠੇਲ੍ਹਦੇ ਹਨ। ਜਦੋਂ ਇਹ ਉਪਰਲੀ ਸਤਹਿ ਤੇ ਸਾਹ ਲੈਣ ਲਈ ਆਉਂਦੇ ਹਨ ਤਾਂ ਕੇਵਲ ਸਿਰ ਤੇ ਧੌਣ ਹੀ ਪਾਣੀ 'ਚੋਂ ਬਾਹਰ ਨਿਕਲਦਾ ਹੈ ਤਾਂ ਇਹ ਸਲੇਟੀ ਭਾਹ ਮਾਰਦੇ ਹਰੇ ਸੱਪ ਵਰਗਾ ਵਿਖਾਈ ਦੇਂਦਾ ਹੈ।

ਭਾਰਤ ਵਿਚ ਮਿਲੇ ਕੱਛੂ ਕੁੰਮਿਆਂ ਦੇ ਕੁਝ ਸੱਚੇ ਸੋਲ੍ਹਾਂ ਫੁੱਟ ਲੰਬੇ ਸਨ। ਇਹ ਸਚਮੁਚ ਹੀ ਦੈਂਤਨੁਮਾ ਜੀਵ ਹੋਣਗੇ।

ਕੱਛੂਏ ਤੇ ਕੱਛੂ ਕੁੰਮੇ ਦੋਹਾਂ ਦੇ ਦੰਦ ਨਹੀਂ ਹੁੰਦੇ। ਇਨ੍ਹਾਂ ਦੇ ਜਬਾੜੇ ਸਿੰਗਾਂ ਨਾਲ ਢੱਕੇ ਹੁੰਦੇ ਹਨ। ਇਸ ਲਈ ਇਨ੍ਹਾਂ ਦੇ ਮੂੰਹ ਸਗੋਂ ਚੁੰਝਾਂ ਵਰਗੇ ਹੁੰਦੇ ਹਨ। ਇਹ ਤੋਤੇ ਵਾਂਗ ਹੀ ਕਟਦੇ ਹਨ ਤੇ ਇਨ੍ਹਾਂ 'ਚੋਂ ਕੁਝ, ਖਾਸ ਤੌਰ ਤੇ ਅਮਰੀਕੀ ਕਛੂਏ ਬੜੇ ਡਰਾਉਣੇ ਢੰਗ ਨਾਲ ਵੱਢਦੇ ਹਨ।



ਝਿੱਲੀਦਾਰ ਪੈਰਾਂ ਵਾਲੇ ਪੰਛੀ

ਨਾਇਬ ਸਾਰਸ ਜਲ-ਵਿਨੋਦੀ ਪੰਛੀ ਹੈ। ਕਾਕਾਤੂਆ ਤੇ ਦੱਖਣੀ ਅਮਰੀਕਾ ਦਾ ਤੋਤਾ (ਮੈਕਾਵ) ਦਰੱਖਤਾਂ ਤੇ ਚੜ੍ਹਨ-ਵਾਲੇ ਪੰਛੀ ਹਨ। ਹੁਣ ਅਸੀਂ ਝਿੱਲੀਦਾਰ ਪੈਰਾਂ ਵਾਲੇ ਪੰਛੀਆਂ ਵਲ ਆਉਂਦੇ ਹਾਂ। ਇਨ੍ਹਾਂ ਵਿਚ ਸਭ ਤੋਂ ਵਧ ਜਾਣੇ ਪਛਾਣੇ ਹਨ— ਬੱਤਖਾਂ, ਹੰਸ ਤੇ ਰਾਜਹੰਸ। ਇਹ ਆਰਾਮ ਨਾਲ ਕਿਸੇ ਵੇਲੇ ਵੀ ਵੇਖੇ ਜਾ ਸਕਦੇ ਹਨ ਕਿਉਂਕਿ ਇਹ ਆਪਣਾ ਬਹੁਤਾ ਸਮਾਂ ਛੱਪੜਾਂ ਤੇ ਝੀਲਾਂ ਵਿਚ ਤੈਰਦੇ ਹੋਏ ਬਿਤਾਂਦੇ ਹਨ।

ਸੰਸਾਰ ਭਰ ਵਿਚ ਬੱਤਖਾਂ ਤੇ ਹੰਸਾਂ ਦੀਆਂ ਅਨੇਕ ਕਿਸਮਾਂ ਹਨ। ਇਨ੍ਹਾਂ ਚੋਂ ਕਈਆਂ ਦੇ ਬਹੁਤ ਸੁੰਦਰ ਖੰਭ ਹੁੰਦੇ ਹਨ। ਏਸ਼ੀਆ ਦੀਆਂ ਕੁਝ ਸੁੰਦਰ ਰੰਗਾਂ ਵਾਲੀਆਂ ਬੱਤਖਾਂ ਬਰਤਾਨੀਆਂ ਤੇ ਯੂਰਪ ਦੇ ਖ਼ੂਬਸੂਰਤ ਤਲਾਵਾਂ ਵਿਚ ਵੇਖੀਆਂ ਜਾ ਸਕਦੀਆਂ ਹਨ ਜਿੱਥੇ ਇਹ ਜੰਗਲੀ ਪੰਛੀਆਂ ਵਾਂਗ ਰਹਿੰਦੀਆਂ ਹਨ।


ਰਾਜਹੰਸ ਬਹੁਤ ਸੁੰਦਰ ਤੇ ਸ਼ੋਭਾਦਾਇਕ ਪੰਛੀ ਹਨ। ਇਹ ਵੀ ਬਹੁਤ ਸ਼ਕਤੀਸ਼ਾਲੀ ਹੁੰਦੇ ਹਨ ਤੇ ਇਸੇ ਲਈ ਜਦੋਂ ਇਨ੍ਹਾਂ ਦੇ ਬੱਚੇ ਇਹਨਾਂ ਕੋਲ ਹੋਣ ਤਾਂ ਇਹ ਆਪਣੀ ਰਾਖੀ ਖ਼ੁਦ ਹੀ ਸਭ ਤੋਂ ਵਧੀਆ ਕਰਦੇ ਹਨ।





ਰਾਜਹੰਸ ਦੇ ਖੰਭ ਇੰਨੇ ਤਾਕਤਵਰ ਹੁੰਦੇ ਹਨ ਕਿ ਇਹ ਕੁੱਤੇ ਨੂੰ ਮਾਰ ਸਕਦੇ ਹਨ ਜਾਂ ਇਸ ਨਾਲ ਆਦਮੀ ਦੀਆਂ ਲੱਤਾਂ ਭੰਨ ਸਕਦੇ ਹਨ, ਇਸ ਲਈ ਰਾਜਹੰਸ ਦੇ ਆਲ੍ਹਣੇ ਦੇ ਨੇੜੇ ਨਾ ਜਾਣਾ ਹੀ ਚੰਗਾ ਹੈ। ਬਰਤਾਨੀਆ ਵਿਚ ਰਾਜਹੰਸਾਂ ਨੂੰ 'ਸ਼ਾਹੀ ਪੰਛੀ' ਦੇ ਨਾਂ ਨਾਲ ਬੁਲਾਇਆ ਜਾਂਦਾ ਹੈ ਕਿਉਂਕਿ ਪ੍ਰਥਾ ਅਨੁਸਾਰ ਸਾਰੇ ਰਾਜਹੰਸ ਰਾਜੇ ਦੇ ਹੀ ਹੁੰਦੇ ਸਨ ਜਾਂ ਜਿਹਨੂੰ ਰਾਜਾ ਰਾਜਹੰਸ ਦਿੰਦਾ ਸੀ ਉਸਦੇ ਹੁੰਦੇ ਸਨ। ਹੁਣ ਵੀ ਟੇਮਜ਼ ਦਰਿਆ ਦੇ ਰਾਜਹੰਸ ਮਹਾਰਾਣੀ ਦੀ ਮਲਕੀਅਤ ਹੀ ਸਮਝੇ ਜਾਂਦੇ ਹਨ।

ਸਾਰੇ ਝਿੱਲੀਦਾਰ ਪੈਰਾਂ ਵਾਲੇ ਪੰਛੀਆਂ ਵਿਚੋਂ ਸਭ ਤੋਂ ਉੱਚਾ ਮਰਾਲ (ਲਮਢੀਂਗ ਪੰਛੀ) ਹੁੰਦਾ ਹੈ ਜਿਹੜਾ ਤਕਰੀਬਨ ਮਨੁੱਖ ਦੀ ਉਚਾਈ ਜਿੰਨਾ ਹੁੰਦਾ ਹੈ। ਇਹ ਸ਼ਕਲ ਵਿਚ ਅਨੋਖਾ ਹੈ, ਪਰ ਰੰਗ ਵਜੋਂ ਸੁੰਦਰ ਹੈ। ਨਰ-ਪੰਛੀ ਦੇ ਖੰਭ ਗੁਲਾਬੀ ਭਾਅ ਮਾਰਦੇ ਸ਼ੋਖ ਲਾਲ ਰੰਗ ਦੇ ਹੁੰਦੇ ਹਨ। ਸਪੇਨ ਦੇ ਦਲਦਲੀ ਮੈਦਾਨ ਵਿਚ ਇਹ 300 ਤੋਂ 400 ਦੇ ਝੁੰਡਾਂ ਵਿਚ ਘੁੰਮਦੇ ਫਿਰਦੇ ਹਨ। ਮਗਲ ਪੰਛੀਆਂ ਦੇ ਇਕੱਠੇ ਉੱਡਣ ਨਾਲ ਆਕਾਸ਼ ਉਤੇ ਸੈਂਕੜੇ ਕਿਰਮਚੀ ਰੰਗ ਖਿਲਰ ਜਾਂਦੇ ਹਨ। ਇਸ ਨਾਲੋਂ ਹੁਸੀਨ ਦ੍ਰਿਸ਼ ਸ਼ਾਇਦ ਹੀ ਕੋਈ ਹੋਵੇ। ਜਲ-ਚਿੜੀ ਜਿਹੜੀ ਕਈ ਵਾਰ ਮਗਲ ਦੇ ਨਾਲ ਵਿਖਾਈ ਦਿੰਦੀ ਹੈ, ਇਕ ਹੋਰ ਵੱਡਾ ਤੇ ਅਸਚਰਜਮਈ ਪੰਛੀ ਹੈ ਇਸ ਦੇ ਖੰਭ ਚਿੱਟੇ ਹੁੰਦੇ ਹਨ ਜਿਹਨਾਂ ਉਤੇ ਹਲਕੇ ਗੁਲਾਬੀ ਰੰਗ ਦੀ ਛੋਹ ਹੁੰਦੀ ਹੈ। ਇਹ ਛੋਹ ਇਸ ਦੇ ਲੰਬੇ ਸੀਨੇ ਤੇ ਨਹੀਂ ਹੁੰਦੀ ਸਗੋਂ ਇਹ ਸੁਨਹਿਰੀ-ਪੀਲਾ ਹੁੰਦਾ ਹੈ। ਇਹਦੀ ਚੁੰਝ ਪੀਲੀ ਤੇ ਸਿਰੇ ਲਾਲ ਹੁੰਦੇ ਹਨ ਤੇ ਇਹਦੇ ਨਾਲ ਲੰਬੀ ਗੁਥਲੀ ਲਗੀ ਹੁੰਦੀ ਹੈ ਜਿਸ ਵਿਚ ਪੰਛੀ ਆਪਣੀਆਂ ਫੜੀਆਂ ਹੋਈਆਂ ਮੱਛੀਆਂ ਤਦ ਤਕ ਰਖਦੇ ਹਨ ਜਦ ਤਕ ਕਿ ਇਨ੍ਹਾਂ ਨੂੰ ਖਾਣ ਨੂੰ ਮਨ ਨਾ ਕਰੇ।



ਜੰਗਲੀ ਖੋਤਾ


ਕਿਸੇ ਮੂਰਖ ਬੰਦੇ ਨੂੰ ਖੋਤਾ ਆਖਣਾ ਖੋਤੇ ਦੀ ਬਹੁਤ ਬੇਇੱਜ਼ਤੀ ਹੈ ਕਿਉਂਕਿ ਇਹ ਪਾਲਤੂ ਹੋਵੇ ਜਾਂ ਜੰਗਲੀ, ਅਤੀ ਬੁਧੀਮਾਨ ਜਾਨਵਰਾਂ 'ਚੋਂ ਇਕ ਹੈ। ਇਕ ਪਾਲਤੂ ਖੋਤਾ ਘੋੜੇ ਵਾਂਗ ਲਾਡ-ਪਿਆਰ ਦਾ ਹੁੰਗਾਰਾ ਭਰਦਾ ਹੈ ਤੇ ਉਸ ਨੂੰ ਘੋੜੇ ਜਿੰਨੀ ਹੀ ਸੋਝੀ ਹੁੰਦੀ ਹੈ ਜਦ ਕਿ ਜੰਗਲੀ ਖੋਤਾ ਸ਼ਰਮਾਕਲ ਤੇ ਜਜ਼ਬਾਤੀ ਜਾਨਵਰ ਹੁੰਦਾ ਹੈ।

ਭਾਰਤੀ ਜੰਗਲੀ ਖੋਤਾ ਉੱਤਰ-ਪੱਛਮੀ ਭਾਰਤ ਤੇ ਪਾਕਿਸਤਾਨ ਵਿਚ ਮਿਲਦੇ ਹਨ, ਪਰ ਹੁਣ ਇਨ੍ਹਾਂ 'ਚੋਂ ਬਹੁਤ ਥੋੜ੍ਹੇ ਬਚੇ ਹਨ। ਇਹ ਖਾਸ ਤੌਰ ਤੇ ਗੁਜਰਾਤ ਦੇ ਇਕ ਹਜ਼ਾਰ ਵਰਗ ਮੀਲ ਦੇ ਨਮਕੀਨ ਰਣਕੱਛ ਖੇਤਰ ਵਿਚ ਮਿਲਦੇ ਹਨ। ਭਾਰਤ ਦੇ ਜੰਗਲੀ ਜਾਨਵਰਾਂ ਸੰਬੰਧੀ ਬੋਰਡ ਨੇ ਇਨ੍ਹਾਂ ਨੂੰ ਸੁਰੱਖਿਆ ਦਿੱਤੀ ਹੈ ਅਤੇ ਇਨ੍ਹਾਂ ਨੂੰ ਦੁਰਲੱਭ ਜਾਨਵਰਾਂ ਦੀ ਸੂਚੀ ਰੱਖਿਆ ਹੈ। ਸੀਰੀਆ ਤੇ ਫਾਰਸ ਵਿਚ ਜੰਗਲੀ ਖੋਤੇ ਕਦੇ ਬਹੁਗਿਣਤੀ ਵਿਚ ਮਿਲਦੇ ਸਨ, ਪਰ ਹੁਣ ਖਤਮ ਹੋ ਰਹੇ ਹਨ।

ਜੰਗਲੀ ਖੋਤਾ ਬਹੁਤ ਤੇਜ਼ ਦੌੜ ਸਕਦਾ ਹੈ। ਇਹ ਭੱਜਣ 'ਚ ਇੰਨਾ ਤੇਜ਼ ਹੁੰਦਾ ਹੈ ਕਿ ਅਰਬੀ ਘੋੜਿਆਂ ਦੀ ਪੂਰੀ ਟੋਲੀ ਵੀ ਇਹਨੂੰ ਫੜ ਨਹੀਂ ਸਕਦੀ, ਪਰ ਇਹਦੀ ਰਫਤਾਰ ਨੇ ਇਹਨੂੰ ਨੁਕਸਾਨ ਪਹੁੰਚਾਇਆ ਹੈ। ਲੋਕ ਚੀਤੇ ਵਾਂਗ ਇਹਦਾ ਵੀ ਪਿੱਛਾ ਕਰਨ ਲਗ ਪਏ ਹਨ। ਫਾਰਸ ਦੇ ਖਾਂਦੇ-ਪੀਂਦੇ ਲੋਕ ਇਹਦਾ ਸ਼ਿਕਾਰ ਕਰਦੇ ਹਨ। ਇਹੀ ਕਾਰਣ ਹੈ ਕਿ ਇਹ ਉਨ੍ਹਾਂ ਇਲਾਕਿਆਂ ਵਿਚੋਂ ਲੋਪ ਹੀ ਹੋ ਗਿਆ ਹੈ।

ਕੱਛ ਪ੍ਰਦੇਸ਼ ਦੇ ਲੋਕ ਜੰਗਲੀ ਖੋਤੇ ਦਾ ਨਾ ਤਾਂ ਸ਼ਿਕਾਰ ਕਰਦੇ ਹਨ ਤੇ ਨਾ ਹੀ ਇਹਨੂੰ ਨੁਕਸਾਨ ਪਹੁੰਚਾਉਂਦੇ ਹਨ। ਕੁਝ ਜੰਗਲੀ ਖੋਤੇ ਕਦੇ-ਕਦਾਈਂ ਘਾਹ ਚਰਨ ਲਈ ਕੱਛ ਦੇ ਪੂਰਬੀ-ਸਿਰੇ ਤੇ ਭਾਰਤ-ਪਾਕਿਸਤਾਨ ਦੀਆਂ ਸੀਮਾਵਾਂ ਪਾਰ ਕਰ ਕੇ ਚਲੇ ਜਾਂਦੇ ਜਾਂਦੇ ਹਨ। ਇਹ ਦੋਹਾਂ ਪਾਸਿਉਂ ਆਪਣੇ ਲਈ ਉੱਤਮ ਖੁਰਾਕ ਜੁਟਾ ਲੈਂਦੇ ਹਨ।

ਜੰਗਲੀ ਖੋਤੇ ਲਗਭਗ ਚਾਰ ਫੁਟ ਉੱਚੇ, ਰਿਸ਼ਟ-ਪੁਸ਼ਟ ਜੰਤੂ ਹਨ ਇਹ ਪਾਲਤੂ ਖੋਤਿਆਂ ਨਾਲੋਂ ਵਡੇ ਹੁੰਦੇ ਹਨ, ਜਿਹੜੇ ਮਿਸਰੀ ਖੋਤੇ ਦੀ ਸੰਤਾਨ ਹਨ। ਇਹਦਾ ਰੰਗ ਭੂਰਾ ਹੁੰਦਾ ਹੈ ਤੇ ਗੂੜ੍ਹੇ ਲਾਖੇ ਰੰਗ ਦੇ ਧੌਣ ਦੇ ਵਾਲ ਹੁੰਦੇ ਹਨ। ਜ਼ੇਬਰਾ ਵਾਂਗ ਇਹਦੇ ਛੋਟੇ-ਛੋਟੇ ਕੰਨ ਹੁੰਦੇ ਹਨ। ਇਹ ਝੁੰਡ 'ਚ ਰਹਿੰਦੇ ਹਨ। ਹਰ ਇਕ ਝੁੰਡ ਇਕ ਲੀਡਰ ਦੀ ਕਮਾਨ ਹੇਠਾਂ ਹੁੰਦਾ ਹੈ ਜਿਹੜਾ ਬੜੇ ਅਧਿਕਾਰ ਤੇ ਜ਼ਿੰਮੇਦਾਰੀ ਦੀ ਭਾਵਨਾ ਨਾਲ ਝੁੰਡ ਦੀ ਭਲਾਈ ਲਈ ਰਾਜ ਕਰਦਾ ਹੈ।



ਜ਼ੈਬਰਾ

ਪੁਸਤਕ ਦੇ ਅੰਤ ਵਿਚ ਜ਼ੈਬਰੇ ਦਾ ਆਉਣਾ ਸਚਮੁਚ ਹੀ ਅਫਸੋਸ ਵਾਲੀ ਗੱਲ ਹੈ ਕਿਉਂਕਿ ਅੰਗਰੇਜ਼ੀ ਦਾ ਅੰਤਮ ਅੱਖਰ "ਜ਼ੈੱਡ" ਹਮੇਸ਼ਾ ਹੀ ਹਰ ਅੰਗਰੇਜ਼ੀ ਪੁਸਤਕ, ਸ਼ਬਦ-ਕੋਸ਼ ਤੇ ਐਨਸਾਈਕਲੋਪੀਡਿਆ ਦੇ ਅੰਤ 'ਚ ਰਖਿਆ ਜਾਂਦਾ ਹੈ ਪਰ ਚਿੜੀਆਘਰ ਦੇ ਦਰਸ਼ਕਾਂ ਲਈ ਲੋਕਪ੍ਰਿਯਤਾ ਦੀ ਨਜ਼ਰੋਂ ਤੇ ਦਿਲ-ਖਿਚਵੀਂ ਸ਼ਕਲ-ਸੂਰਤ ਕਾਰਣ ਇਹ ਸਭ ਤੋਂ ਪਹਿਲਾ ਜਾਨਵਰ ਹੈ।

ਇਹ ਸ਼ਕਲ ਵਿਚ ਘੋੜੇ ਨਾਲੋਂ ਖੋਤੇ ਨਾਲ ਵਧੇਰੇ ਮਿਲਦਾ-ਜੁਲਦਾ ਹੈ। ਇਹਦੀ ਪੂਛ ਦੇ ਸਿਰੇ ਤੇ ਸੰਘਣੇ ਝਾੜੀਦਾਰ ਵਾਲ ਹੁੰਦੇ ਹਨ। ਇਹਦੀ ਧੌਣ ਦੇ ਵਾਲ ਸਿੱਧੇ ਖਲੋਤੇ ਰਹਿੰਦੇ ਹਨ। ਇਹਦੀ ਪ੍ਰਮੁਖ ਸੁੰਦਰਤਾ ਇਹਦੀ ਚਮੜੀ ਹੈ ਜਿਸ ਤੇ ਆਮ ਤੌਰ ਤੇ ਚਿੱਟੇ-ਪੀਲੇ ਰੰਗ ਦੀਆਂ ਧਾਰੀਆਂ ਹੁੰਦੀਆਂ ਹਨ ਜਿਨ੍ਹਾਂ ਵਿਚ ਮਖਮਲੀ ਕਾਲੀਆਂ ਪੱਟੀਆਂ ਵੀ ਹੁੰਦੀਆਂ ਹਨ। ਜ਼ੈਬਰਾ ਦੱਖਣੀ ਅਫ਼ਰੀਕਾ, ਖਾਸ ਤੌਰ ਤੇ ਆਸ਼ਾ ਅੰਤਰੀਪ ਦੇ ਨੇੜੇ ਦੇ ਪਹਾੜੀ ਖੇਤਰਾਂ ਵਿਚ ਮਿਲਦਾ ਹੈ। ਇਹ ਮਜ਼ਬੂਤ, ਤੇਜ਼ ਤੇ ਦ੍ਰਿੜ੍ਹ ਕਦਮਾਂ ਵਾਲਾ ਹੁੰਦਾ ਹੈ ਅਤੇ ਪਹਾੜੀਆਂ ਤੇ ਚੱਟਾਨਾਂ ਤੋਂ ਬਕਰੀ ਵਾਂਗ ਕੁੱਦ ਸਕਦਾ ਹੈ। ਜੇਕਰ ਇਹਨੂੰ ਸਿਧਾਇਆ ਜਾ ਸਕਦਾ ਤਾਂ ਇਹ ਘੋੜੇ ਵਾਂਗ ਬੜਾ ਕੀਮਤੀ ਜਾਨਵਰ ਹੁੰਦਾ, ਪਰ ਇਹਦੀ ਜੰਗਲੀ ਆਤਮਾ ਨੂੰ ਬੰਦੀ ਕਰਨਾ ਔਖਾ ਹੈ। ਚਿੜੀਆਘਰ ਵਿਚ ਜ਼ੈਬਰੇ ਨੂੰ ਘੁੰਮਣ-ਫਿਰਨ ਲਈ ਕਾਫੀ ਥਾਂ ਦੇਣ ਦੀ ਲੋੜ ਹੁੰਦੀ ਹੈ।

ਜ਼ੈਬਰੇ ਆਮ ਤੌਰ ਤੇ ਝੁੰਡ 'ਚ ਰਹਿੰਦੇ ਹਨ ਤੇ ਜਦੋਂ ਪਹਾੜੀ ਦੇ ਹੇਠਾਂ ਉਹ ਭੋਜਨ ਖਾ ਰਹੇ ਹੋਣ ਤਾਂ ਉਨ੍ਹਾਂ 'ਚੋਂ ਇਕ ਸੰਤਰੀ ਵਾਂਗ ਪਹਿਰਾ ਦਿੰਦਾ ਹੈ। ਜਦੋਂ ਆਦਮੀ ਜਾਂ ਜਾਨਵਰ ਇਨ੍ਹਾਂ ਤੇ ਹਮਲਾ ਕਰਨ ਤਾਂ ਇਹ ਆਪਣੇ ਸਿਰ ਅੰਦਰ ਕਰ ਕੇ ਇਕ ਬਣਾ ਲੈਂਦੇ ਹਨ ਤੇ ਦੁਲੱਤੀਆਂ ਮਾਰ-ਮਾਰ ਕੇ ਆਪਣੀ ਰਖਿਆ ਕਰਦੇ ਹਨ।

